14-JAN-PAGE-1.qxd 1/13/2025 8:26 PM Page 1

ਮੰਗਲਵਾਰ, 14 ਜਨਵਰੀ, 2025
1 ਮਾਘ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 225

ਰੋਜ਼ਾਨਾ
ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

DAILY NAWAN ZAMANA • TUESDAY, 14 JANUARY, 2025 ਜਲੰਧਰ
YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਏਕਤਾ ਵੱਲ ਗੱਲ ਵਧੀ, ਅਗਲੀ ਮੀਟਿੰਗ 18 ਨੂੰ



**ਪਾਤੜਾਂ/ਸਮਰਾਲਾ (ਨਿਸ਼ਾਨ ਸਿੰਘ ਬਣਵਾਲਾ/ ਸੁਰਜੀਤ ਸਿੰਘ)**

ਕੇਂਦਰ ਸਰਕਾਰ ਵੱਲੋਂ ਖੇਤੀ ਕਾਨੂੰਨਾਂ ਦੀ ਵਾਪਸੀ ਸਮੇਂ ਕੀਤੇ ਗਏ ਵਾਅਦਿਆਂ 'ਤੇ ਪੂਰਾ ਨਾ ਉਤਰਨ ਦੇ ਰੋਸ ਵਜੋਂ ਪਿਛਲੇ 11 ਮਹੀਨਿਆਂ ਤੋਂ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਦੀ ਅਗਵਾਈ ਵਿੱਚ ਚੱਲ ਰਹੇ ਕਿਸਾਨ ਅੰਦੋਲਨ ਦੌਰਾਨ ਸੰਯੁਕਤ ਕਿਸਾਨ ਮੋਰਚਾ ਅਤੇ ਐੱਸ ਕੇ ਐੱਮ (ਗੈਰ-ਸਿਆਸੀ) ਦੀ ਅਗਵਾਈ ਵਾਲੀਆਂ ਧਿਰਾਂ ਵਿੱਚ ਏਕਤਾ ਦੇ ਮੁੱਦੇ ਨੂੰ ਲੈ ਕੇ ਸੋਮਵਾਰ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤੜਾਂ ਵਿਖੇ ਮੀਟਿੰਗ ਹੋਈ। ਮੀਟਿੰਗ ਵਿੱਚ ਸੰਯੁਕਤ ਕਿਸਾਨ ਮੋਰਚਾ ਵੱਲੋਂ ਬਣਾਈ ਗਈ ਛੇ ਮੈਂਬਰੀ ਤਾਲਮੇਲ ਕਮੇਟੀ ਅਤੇ ਸੰਘਰਸ਼ ਲੜ ਰਹੀਆਂ ਦੋਵਾਂ ਫੋਰਮਾਂ ਦੇ ਆਗੂਆਂ ਨੇ ਹਿੱਸਾ ਲਿਆ। ਮੀਟਿੰਗ ਵਿੱਚ ਭਾਵੇਂ ਕਿਸਾਨ ਅੰਦੋਲਨ ਨੂੰ ਲੈ ਕੇ ਕੋਈ ਵੱਡਾ ਰਸਮੀ ਐਲਾਨ ਨਹੀਂ ਕੀਤਾ ਗਿਆ, ਪਰ ਸੁਖਾਵੇਂ ਮਾਹੌਲ ਵਿੱਚ ਮੀਟਿੰਗ ਹੋਣ ਦਾ ਦੋਵਾਂ ਫੋਰਮਾਂ ਦੇ ਆਗੂਆਂ ਨੇ ਦਾਅਵਾ ਕਰਦਿਆਂ ਕੇਂਦਰ ਸਰਕਾਰ ਖ਼ਿਲਾਫ਼ ਰਲ ਕੇ ਸੰਘਰਸ਼ ਲੜਨ ਦਾ ਅਹਿਦ ਦੁਹਰਾਇਆ। ਇਸ ਦੌਰਾਨ ਮੋਰਚੇ ਦੇ ਆਗੂਆਂ ਵੱਲੋਂ ਇੱਕ-ਦੂਜੇ ਖ਼ਿਲਾਫ਼ ਬਿਆਨਬਾਜ਼ੀ ਕਰਨ ਤੋਂ ਪਰਹੇਜ਼ ਕਰਨ ਦਾ ਸੁਨੇਹਾ ਦਿੰਦਿਆਂ ਸੰਘਰਸ਼ ਨੂੰ ਹੋਰ ਤਿੱਖਾ ਕਰਨ ਲਈ ਅਗਲੀ ਮੀਟਿੰਗ 18 ਜਨਵਰੀ ਨੂੰ ਕਰਨ ਦਾ ਐਲਾਨ ਕੀਤਾ ਗਿਆ।

ਮੀਟਿੰਗ ਉਪਰੰਤ ਸੰਯੁਕਤ ਕਿਸਾਨ ਮੋਰਚਾ, ਐੱਸ ਕੇ ਐੱਮ (ਗੈਰ-ਸਿਆਸੀ) ਅਤੇ ਕਿਸਾਨ-ਮਜ਼ਦੂਰ ਮੋਰਚੇ ਦੇ ਆਗੂਆਂ ਵੱਲੋਂ ਕੀਤੀ ਗਈ ਸਾਂਝੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂ ਸਰਵਣ ਸਿੰਘ ਪੰਧੇਰ, ਕਾਕਾ ਸਿੰਘ ਕੋਟੜਾ, ਜੋਗਿੰਦਰ ਸਿੰਘ ਉਗਰਾਹਾਂ ਅਤੇ ਰਮਿੰਦਰ ਸਿੰਘ ਪਟਿਆਲਾ ਨੇ ਕਿਹਾ ਕਿ ਦੋਵਾਂ ਧਿਰਾਂ ਦਰਮਿਆਨ ਮੀਟਿੰਗ ਬੇਹੱਦ ਸੁਖਾਵੇਂ ਮਾਹੌਲ ਵਿੱਚ ਹੋਈ। ਸੰਯੁਕਤ ਕਿਸਾਨ ਮੋਰਚੇ ਵੱਲੋਂ 9 ਜਨਵਰੀ ਨੂੰ ਮੋਗਾ ਵਿੱਚ ਕੀਤੀ ਗਈ ਕਿਸਾਨ ਮਹਾਂ-ਪੰਚਾਇਤ ਮਗਰੋਂ ਖਨੌਰੀ ਅਤੇ ਸ਼ੰਭੂ ਬਾਰਡਰਾਂ ਉੱਤੇ ਏਕਤਾ ਮਤਾ ਲੈ ਕੇ ਪੁੱਜੇ ਕਿਸਾਨ ਆਗੂਆਂ ਦੇ ਸੱਦੇ 'ਤੇ ਮੀਟਿੰਗ ਜੋ 15 ਜਨਵਰੀ ਨੂੰ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਹੋਣੀ ਸੀ, ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਕਾਰਨ ਉਹਨਾ ਦੀ ਵਿਗੜ ਰਹੀ ਸਿਹਤ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਸੋਮਵਾਰ ਨੂੰ ਕੀਤੀ ਗਈ। ਕਿਸਾਨ ਆਗੂਆਂ ਨੇ ਦੱਸਿਆ ਕਿ ਦੋ-ਢਾਈ ਘੰਟੇ ਦੇ ਕਰੀਬ ਚੱਲੀ ਇਸ ਮੀਟਿੰਗ ਵਿੱਚ ਕਿਸਾਨਾਂ ਅੰਦੋਲਨ ਨੂੰ ਹੋਰ ਤਿੱਖਾ ਕਰਨ ਅਤੇ ਕੇਂਦਰ ਸਰਕਾਰ ਉੱਤੇ ਕਿਸਾਨੀ ਮੰਗਾਂ ਦੇ ਹੱਲ ਲਈ ਦਬਾਅ ਵਧਾਉਣ ਨੂੰ ਲੈ ਕੇ ਬਹੁਤ ਸਾਰੇ ਪਹਿਲੂਆਂ ਉੱਤੇ ਚਰਚਾ ਹੋਈ। ਕਿਸਾਨ ਆਗੂਆਂ ਨੇ ਦਾਅਵਾ ਕੀਤਾ ਕਿ 10 ਜਨਵਰੀ ਨੂੰ ਏਕਤਾ ਮਤਾ ਲੈ ਕੇ ਕਿਸਾਨ ਆਗੂਆਂ ਦੇ ਪੁੱਜਣ ਉਪਰੰਤ ਸਾਂਝੇ ਐਕਸ਼ਨ ਕੀਤੇ ਗਏ ਹਨ, ਜਿਸ ਦੇ ਤਹਿਤ ਹੀ ਲੋਹੜੀ ਵਾਲੇ ਦਿਨ ਰਾਜ ਭਰ ਵਿੱਚ ਸੈਂਕੜੇ ਥਾਵਾਂ ਉੱਤੇ ਐੱਸ ਡੀ ਐੱਮ ਦਫਤਰਾਂ ਸਾਹਮਣੇ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਜਾ ਰਹੇ ਖੇਤੀ ਮੰਡੀਕਰਨ ਕਾਨੂੰਨ ਦੇ ਖਰੜੇ ਦੀਆਂ ਕਾਪੀਆਂ ਸਾੜੀਆਂ ਗਈਆਂ।

ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਵੱਲੋਂ ਅਚਾਨਕ ਮੀਟਿੰਗ ਵਿੱਚੋਂ ਉੱਠ ਕੇ ਚਲੇ ਜਾਣਾ ਕਾਫੀ ਦੇਰ ਤੱਕ ਚਰਚਾ ਦਾ ਵਿਸ਼ਾ ਬਣਿਆ ਰਿਹਾ। ਉਹਨਾ ਦੇ ਚਲਦੀ ਮੀਟਿੰਗ ਵਿੱਚੋਂ ਇਸ ਤਰ੍ਹਾਂ ਉੱਠ ਕੇ ਚਲੇ ਜਾਣ ਨੂੰ ਲੈ ਕੇ ਹਰ ਪਾਸੇ ਚਰਚਾਵਾਂ ਦਾ ਬਾਜ਼ਾਰ ਗਰਮ ਹੋ ਗਿਆ ਅਤੇ ਮੀਡੀਆ ਦੀਆਂ ਨਜ਼ਰਾਂ ਮੀਟਿੰਗ ਵਿੱਚੋਂ ਉੱਠ ਕੇ ਜਾਣ ਦੇ ਕਾਰਨ ਉੱਤੇ ਲੱਗ ਗਈਆਂ। ਮੀਟਿੰਗ ਉਪਰੰਤ ਕਿਸਾਨ ਆਗੂਆਂ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਰਾਜੇਵਾਲ ਪਰਵਾਰਕ ਰੁਝੇਵੇਂ ਕਾਰਨ ਚਲੇ ਗਏ। ਮੀਟਿੰਗ ਵਿੱਚ ਹਾਜ਼ਰ ਹੋਣ ਲਈ ਛੇ ਮੈਂਬਰੀ ਤਾਲਮੇਲ ਕਮੇਟੀ ਦੇ ਮੈਂਬਰਾਂ ਵਜੋਂ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ, ਜੋਗਿੰਦਰ ਸਿੰਘ ਉਗਰਾਹਾਂ, ਰਮਿੰਦਰ ਸਿੰਘ ਪਟਿਆਲਾ, ਡਾਕਟਰ ਦਰਸ਼ਨ ਪਾਲ, ਕੇਰਲਾ ਤੋਂ ਕ੍ਰਿਸ਼ਨਾ ਪ੍ਰਸਾਦ ਅਤੇ ਯੁੱਧਵੀਰ ਸਿੰਘ ਸ਼ਾਮਿਲ ਸਨ, ਜਦੋਂ ਕਿ ਐੱਸ ਕੇ ਐੱਮ (ਗੈਰ-ਸਿਆਸੀ) ਅਤੇ ਕਿਸਾਨ-ਮਜ਼ਦੂਰ ਮੋਰਚੇ ਵੱਲੋਂ ਕਿਸਾਨ ਆਗੂ ਸਰਵਣ ਸਿੰਘ ਪੰਧੇਰ, ਕਾਕਾ ਸਿੰਘ ਕੋਟੜਾ, ਸੁਰਜੀਤ ਸਿੰਘ ਫੂਲ, ਅਭਿਮਨਿਊ ਕੋਹਾੜ, ਲਖਵਿੰਦਰ ਸਿੰਘ ਔਲਖ, ਇੰਦਰਜੀਤ ਸਿੰਘ ਕੋਟ ਬੁੱਢਾ, ਜਰਨੈਲ ਸਿੰਘ ਹਰਿਆਣਾ, ਮਨਜੀਤ ਸਿੰਘ ਰਾਏ ਅਤੇ ਜਸਵਿੰਦਰ ਸਿੰਘ ਲੌਂਗੋਵਾਲ ਆਦਿ ਸ਼ਾਮਲ ਹੋਏ।

## ਤਿੰਨ ਭੈਣਾਂ ਦੇ ਇਕਲੌਤੇ ਭਰਾ ਦੀ ਚਾਈਨਾ ਡੋਰ ਨੇ ਜਾਨ ਲਈ



**ਅਜਨਾਲਾ** : ਲੋਹੜੀ ਵਾਲੇ ਦਿਨ ਤਿੰਨ ਭੈਣਾਂ ਦੇ ਇਕਲੌਤੇ ਭਰਾ ਦੀ ਚਾਈਨਾ ਡੋਰ ਨੇ ਜਾਨ ਲੈ ਲਈ। ਪਵਨਦੀਪ ਸਿੰਘ ਪੁੱਤਰ ਜਗੀਰ ਸਿੰਘ ਅਜਨਾਲੇ ਤੋਂ ਆਪਣੇ ਪਿੰਡ ਭਲਾ ਪਿੰਡ ਵੱਲ ਜਾ ਰਿਹਾ ਸੀ ਕਿ ਰਸਤੇ ਵਿੱਚ ਥੋੜ੍ਹੀ ਹੀ ਦੂਰ ਜਾ ਕੇ ਉਸ ਦੇ ਗਲੇ 'ਚ ਚਾਈਨਾ ਡੋਰ ਫਿਰ ਗਈ ਤੇ ਉਹ ਉੱਥੇ ਹੀ ਡਿੱਗ ਪਿਆ।

## ਆਪ ਦੇ ਬਿਨਾਂ ਮੁਕਾਬਲਾ ਜਿੱਤੇ 7 ਕੌਂਸਲਰ ਬਹਾਲ

**ਪਟਿਆਲਾ** : ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪਟਿਆਲਾ ਨਗਰ ਨਿਗਮ ਦੇ ਸੱਤ ਵਾਰਡਾਂ ਦੀ ਚੋਣ ਬਹਾਲ ਕਰ ਦਿੱਤੀ ਹੈ। ਦਸੰਬਰ ਵਿੱਚ ਨਿਗਮ ਚੋਣਾਂ ਲਈ ਵੋਟਾਂ ਤੋਂ ਇੱਕ ਦਿਨ ਪਹਿਲਾਂ ਹਾਈ ਕੋਰਟ ਨੇ ਬਿਨਾਂ ਮੁਕਾਬਲਾ ਜੇਤੂ ਕਰਾਰ ਦਿੱਤੇ ਗਏ ਸੱਤ ਵਾਰਡਾਂ ਦੇ ਉਮੀਦਵਾਰਾਂ ਦੀ ਚੋਣ ਰੱਦ ਕਰ ਦਿੱਤੀ ਸੀ, ਪਰ ਸੋਮਵਾਰ ਆਏ ਨਵੇਂ ਫੈਸਲੇ ਦੌਰਾਨ ਅਦਾਲਤ ਨੇ ਇਹ ਚੋਣ ਬਹਾਲ ਕਰਦਿਆਂ ਸੱਤ ਉਮੀਦਵਾਰਾਂ ਨੂੰ ਜੇਤੂ ਮੰਨ ਲਿਆ ਹੈ। ਇਨ੍ਹਾਂ ਸੱਤ ਵਾਰਡਾਂ 'ਚ 32, 33, 36, 41, 48 ਅਤੇ 50 ਨੰਬਰ ਵਾਰਡ ਸ਼ਾਮਲ ਹਨ। ਸਾਰੇ ਸੱਤ ਵਾਰਡਾਂ 'ਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਬਿਨਾਂ ਮੁਕਾਬਲਾ ਜਿੱਤ ਗਏ ਸਨ, ਪਰ ਵਿਰੋਧੀ ਧਿਰਾਂ ਨੇ ਦੋਸ਼ ਲਾਏ ਸਨ ਕਿ ਇਨ੍ਹਾਂ ਉਮੀਦਵਾਰਾਂ ਨੇ ਵਿਰੋਧੀ ਉਮੀਦਵਾਰਾਂ ਦੇ ਨਾਮਜ਼ਦਗੀ ਫਾਰਮ ਖੋਹ ਕੇ ਪਾੜ ਦਿੱਤੇ ਸਨ, ਇਸ ਕਾਰਨ ਉਹ ਨਾਮਜ਼ਦਗੀ ਦਾਖਲ ਨਾ ਕਰ ਸਕੇ ਤੇ ਇਹ ਸੱਤੇ ਉਮੀਦਵਾਰ ਬਿਨਾਂ ਮੁਕਾਬਲਾ ਜਿੱਤ ਗਏ।

# ਸ਼ੇਅਰ ਬਾਜ਼ਾਰ 'ਚ ਭਾਰੀ ਗਿਰਾਵਟ, ਡਾਲਰ ਦੇ ਮੁਕਾਬਲੇ ਰੁਪੱਈਏ ਦਾ ਜਲੂਸ ਨਿਕਲਿਆ

**ਮੁੰਬਈ** : ਹਫਤੇ ਦੇ ਪਹਿਲੇ ਕਾਰੋਬਾਰੀ ਦਿਨ ਸੋਮਵਾਰ ਸੈਂਸੈਕਸ 1048 ਅੰਕ (1.36 ਫੀਸਦੀ) ਦੀ ਗਿਰਾਵਟ ਨਾਲ 76330 'ਤੇ ਬੰਦ ਹੋਇਆ। ਨਿਫਟੀ ਵਿੱਚ ਵੀ 345 ਅੰਕ (1.47 ਫੀਸਦੀ) ਦੀ ਗਿਰਾਵਟ ਰਹੀ ਤੇ ਇਹ 23085 ਦੀ ਪੱਧਰ 'ਤੇ ਬੰਦ ਹੋਇਆ। ਬੰਬੇ ਸਟਾਕ ਐਕਸਚੇਂਜ ਸਮਾਲਕੈਪ 2126 ਅੰਕ (4.03 ਫੀਸਦੀ) ਦੀ ਗਿਰਾਵਟ ਨਾਲ 50596 ਦੇ ਪੱਧਰ 'ਤੇ ਬੰਦ ਹੋਇਆ।

ਸੈਂਸੈਕਸ ਦੇ 30 ਸ਼ੇਅਰਾਂ ਵਿੱਚੋਂ 26 ਵਿੱਚ ਗਿਰਾਵਟ ਤੇ ਚਾਰ ਵਿੱਚ ਤੇਜ਼ੀ ਰਹੀ। ਨਿਫਟੀ ਦੇ 50 ਸ਼ੇਅਰਾਂ ਵਿੱਚੋਂ 46 'ਚ ਗਿਰਾਵਟ ਤੇ ਚਾਰ ਵਿੱਚ ਤੇਜ਼ੀ ਰਹੀ। ਸਭ ਤੋਂ ਵੱਧ ਨਿਫਟੀ ਰਿਅਲਟੀ 6.47 ਫੀਸਦੀ, ਨਿਫਟੀ ਮੀਡੀਆ 4.54 ਫੀਸਦੀ ਤੇ ਨਿਫਟੀ ਮੈਟਲ 3.77 ਫੀਸਦੀ ਡਿੱਗ ਕੇ ਬੰਦ ਹੋਏ। ਪਿਛਲੇ ਹਫਤੇ ਸ਼ੁੱਕਰਵਾਰ ਸੈਂਸੈਕਸ 241 ਅੰਕ ਡਿੱਗ ਕੇ 77378 'ਤੇ ਬੰਦ ਹੋਇਆ ਸੀ, ਜਦਕਿ 95 ਅੰਕ ਡਿੱਗ ਕੇ 23431 ਦੇ ਪੱਧਰ 'ਤੇ ਬੰਦ ਹੋਇਆ ਸੀ।

ਬਾਜ਼ਾਰ ਵਿੱਚ ਗਿਰਾਵਟ ਦੇ ਤਿੰਨ ਕਾਰਨ ਰਹੇ। ਪਿਛਲੇ ਸ਼ੁੱਕਰਵਾਰ ਨੂੰ ਜਾਰੀ ਅਮਰੀਕੀ ਜੌਬ ਡੈਟਾ ਨਾਲ ਗਲੋਬਲ ਮਾਰਕਿਟ 'ਚ ਡਰ ਦਾ ਮਾਹੌਲ ਹੈ। ਦਸੰਬਰ ਵਿੱਚ ਅਮਰੀਕੀ ਬੇਰੁਜ਼ਗਾਰੀ ਦਰ ਡਿੱਗ ਕੇ 4.1 ਫੀਸਦੀ ਹੋ ਗਈ, ਜਦਕਿ ਜੌਬ ਗ੍ਰੋਥ ਮਜ਼ਬੂਤ ਰਹੀ। ਅਜਿਹੇ ਵਿੱਚ ਤੌਖਲਾ ਹੈ ਕਿ ਅਮਰੀਕੀ ਕੇਂਦਰੀ ਬੈਂਕ ਫੈਡਰਲ ਰਿਜ਼ਰਵ ਵਿਆਜ ਦਰਾਂ 'ਚ ਕਟੌਤੀ ਕਰ ਸਕਦੀ ਹੈ। ਇਸ ਨਾਲ ਭਾਰਤ ਵਰਗੇ ਉਭਰਦੇ ਬਾਜ਼ਾਰਾਂ 'ਤੇ ਦਬਾਅ ਵਧਣ ਦਾ ਖਦਸ਼ਾ ਹੈ। ਦੂਜਾ ਕਾਰਨ ਇਹ ਰਿਹਾ ਕਿ ਵਿਦੇਸ਼ੀ ਪੋਰਟਫੋਲੀਓ ਨਿਵੇਸ਼ਕ ਭਾਰਤੀ ਬਾਜ਼ਾਰ ਵਿੱਚ ਬਿਕਵਾਲੀ ਕਰ ਰਹੇ ਹਨ। ਦਸੰਬਰ ਵਿੱਚ ਉਨ੍ਹਾਂ 16982 ਕਰੋੜ ਰੁਪਏ ਦੀ ਬਿਕਵਾਲੀ ਕੀਤੀ। ਜਨਵਰੀ ਵਿੱਚ ਹੁਣ ਤੱਕ 21350 ਕਰੋੜ ਤੋਂ ਵੱਧ ਦੇ ਸ਼ੇਅਰ ਵੇਚ ਚੁੱਕੇ ਹਨ। 10 ਜਨਵਰੀ ਨੂੰ ਵਿਦੇਸ਼ੀ ਨਿਵੇਸ਼ਕਾਂ ਨੇ 2254 ਕਰੋੜ ਦੇ ਸ਼ੇਅਰ ਵੇਚੇ ਸਨ। ਤੀਜਾ ਕਾਰਨ ਇਹ ਹੈ ਕਿ ਭਾਰਤੀ ਰੁਪਏ ਦੀ ਕਦਰ-ਘਟਾਈ ਨਾਲ ਬਾਜ਼ਾਰ 'ਤੇ ਦਬਾਅ ਹੈ। ਸੋਮਵਾਰ ਇਹ ਅਮਰੀਕੀ ਡਾਲਰ ਦੇ ਮੁਕਾਬਲੇ ਇਹ ਹੁਣ ਤੱਕ ਦੇ ਸਭ ਤੋਂ ਹੇਠਲੇ ਪੱਧਰ 86.62 ਰੁਪਏ ਤੱਕ ਪੁੱਜ ਗਿਆ। ਅਮਰੀਕੀ ਬਾਂਡ ਯੀਲਡ 'ਚ ਵਾਧੇ ਤੇ ਮਜ਼ਬੂਤ ਰੁਜ਼ਗਾਰ ਅੰਕੜੇ ਨਾਲ ਉਤਸ਼ਾਹਤ ਡਾਲਰ ਦੇ ਮਜ਼ਬੂਤ ਹੋਣ ਨਾਲ ਰੁਪਏ 'ਤੇ ਦਬਾਅ ਪਿਆ। ਕੱਚੇ ਤੇਲ ਦੀਆਂ ਕੀਮਤਾਂ ਵਧਣ ਦਾ ਵੀ ਅਸਰ ਹੋਇਆ। ਰੁਪਇਆ ਇੱਕੋ ਦਿਨ 'ਚ 58 ਪੈਸੇ ਕਮਜ਼ੋਰ ਹੋਇਆ। ਇਹ ਦੋ ਸਾਲਾਂ ਵਿੱਚ ਸਭ ਤੋਂ ਵੱਧ ਗਿਰਾਵਟ ਹੈ। 6 ਫਰਵਰੀ 2023 ਨੂੰ 68 ਪੈਸੇ ਕਮਜ਼ੋਰ ਹੋਇਆ ਸੀ। ਪਿਛਲੇ ਦੋ ਹਫਤਿਆਂ ਵਿੱਚ ਰੁਪੱਈਆ ਇੱਕ ਰੁਪਏ ਤੋਂ ਵੱਧ ਕਮਜ਼ੋਰ ਹੋਇਆ ਹੈ। 30 ਦਸੰਬਰ ਨੂੰ ਇੱਕ ਡਾਲਰ 85.52 ਰੁਪਏ ਦਾ ਸੀ।

# ਮਰੀ ਕੁੜੀ ਕੁੱਲੂ ਦੇ ਹੋਟਲ 'ਚ ਛੱਡ ਕੇ ਭੱਜੇ ਪੰਜਾਬ ਦੇ ਦੋ ਨੌਜਵਾਨਾਂ ਦੀ ਭਾਲ

**ਕੁੱਲੂ** : ਹਿਮਾਚਲ ਪੁਲਸ ਨੇ ਪੰਜਾਬ ਦੇ ਦੋ ਨੌਜਵਾਨਾਂ ਖਿਲਾਫ ਕਤਲ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ, ਜਿਹੜੇ ਕੁੱਲੂ ਦੇ ਕਸੌਲ ਦੇ ਇੱਕ ਹੋਟਲ 'ਚ ਸਨਿੱਚਰਵਾਰ ਦੇਰ ਰਾਤ 23 ਸਾਲਾ ਕੁੜੀ ਦੀ ਲਾਸ਼ ਛੱਡ ਕੇ ਫਰਾਰ ਹੋ ਗਏ। ਜ਼ਿਲ੍ਹਾ ਬਠਿੰਡਾ ਦਾ ਅਕਾਸ਼ਦੀਪ ਸਿੰਘ ਆਪਣੇ ਦੋਸਤ ਅਤੇ ਇੱਕ ਕੁੜੀ ਨਾਲ 10 ਜਨਵਰੀ ਤੋਂ ਹੋਟਲ 'ਚ ਰੁਕਿਆ ਹੋਇਆ ਸੀ। ਹੋਟਲ ਦੀ ਮਹਿਲਾ ਕਰਮੀ ਅਤੇ ਦੋ ਸਟਾਫ ਮੈਂਬਰਾਂ ਨੇ ਰਾਤ 12:30 ਵਜੇ ਦੇ ਕਰੀਬ ਦੋਹਾਂ ਨੌਜਵਾਨਾਂ ਨੂੰ ਪੌੜੀਆਂ ਰਾਹੀਂ ਥੱਲੇ ਆਉਂਦੇ ਦੇਖਿਆ। ਇੱਕ ਨੇ ਕੁੜੀ ਨੂੰ ਸਿਰ ਤੋਂ ਅਤੇ ਦੂਜੇ ਨੇ ਪੈਰਾਂ ਤੋਂ ਚੁੱਕਿਆ ਹੋਇਆ ਸੀ। ਹੋਟਲ ਸਟਾਫ ਨੇ ਮਾਮਲਾ ਸ਼ੱਕੀ ਜਾਪਣ 'ਤੇ ਉਨ੍ਹਾਂ ਤੋਂ ਕੁੜੀ ਬਾਰੇ ਪੁੱਛ-ਪੜਤਾਲ ਕੀਤੀ। ਨੌਜਵਾਨਾਂ ਨੇ ਦਾਅਵਾ ਕੀਤਾ ਕਿ ਕੁੜੀ ਵੱਧ ਸ਼ਰਾਬ ਪੀਣ ਕਾਰਨ ਬਾਥਰੂਮ 'ਚ ਡਿੱਗ ਕੇ ਬੇਹੋਸ਼ ਹੋ ਗਈ ਹੈ ਅਤੇ ਉਹ ਉਸ ਨੂੰ

● ਬਾਕੀ ਸਫ਼ਾ 2 'ਤੇ

# ਪੰਜਾਬ ਰੰਗਲਾ ਨਹੀਂ, ਸਗੋਂ ਗੰਧਲਾ ਹੋਇਆ : ਅਰਸ਼ੀ



**ਮਾਨਸਾ (ਆਤਮਾ ਸਿੰਘ ਪਮਾਰ)**

ਨਗਰ ਕੌਂਸਲ ਮਾਨਸਾ, ਸੀਵਰੇਜ ਬੋਰਡ, ਪ੍ਰਸ਼ਾਸਨ ਤੇ ਸਰਕਾਰ ਦੇ ਨੁਮਾਇੰਦਿਆਂ ਦੀ ਅਣਗਹਿਲੀ ਤੇ ਬੇਧਿਆਨੀ ਕਰਕੇ ਸੀਵਰੇਜ ਦੇ ਮਾੜੇ ਪ੍ਰਬੰਧਾਂ ਨੇ ਦੁਕਾਨਦਾਰਾਂ, ਰਾਹਗੀਰਾਂ ਅਤੇ ਸ਼ਹਿਰੀਆਂ ਨੂੰ ਇੱਕ ਤਰ੍ਹਾਂ ਨਾਲ ਘਰਾਂ ਵਿੱਚ ਬੰਦ ਹੋ ਕੇ ਰਹਿਣ ਲਈ ਮਜਬੂਰ ਕੀਤਾ ਹੋਇਆ ਹੈ, ਜਿਸ ਦੇ ਪੱਕੇ ਹੱਲ ਲਈ ਸੀਵਰੇਜ ਸੰਘਰਸ਼ ਕਮੇਟੀ ਦੇ ਆਗੂਆਂ ਅੰਮ੍ਰਿਤਪਾਲ ਗੋਗਾ, ਰਾਮਪਾਲ ਸਿੰਘ ਬੱਪੀਆਣਾ, ਹੰਸਾ ਸਿੰਘ ਅਤੇ ਅਜੀਤ ਸਿੰਘ ਸਰਪੰਚ ਪਿਛਲੇ 77 ਦਿਨਾਂ ਤੋਂ ਰੋਸ ਧਰਨੇ ਨੂੰ ਲਗਾਤਾਰ ਚਲਾ ਰਹੇ ਹਨ, ਪਰ ਇਸ ਦੀ ਪ੍ਰਸ਼ਾਸਨ ਤੇ ਸਰਕਾਰ ਵੱਲੋਂ ਕੋਈ ਸਾਰ ਨਹੀਂ ਲਈ ਗਈ, ਜਿਸ ਦੇ ਵਿਰੋਧ ਵਿੱਚ ਸ਼ਹਿਰ ਦੀਆਂ ਧਾਰਮਕ, ਸਮਾਜਕ, ਵਪਾਰਕ, ਰਾਜਸੀ, ਜਨਤਕ ਅਤੇ ਜਮਹੂਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਸੈਂਕੜੇ ਲੋਕਾਂ ਵੱਲੋਂ ਸ਼ਹਿਰ ਵਿੱਚ ਰੋਸ ਮਾਰਚ ਕਰਨ ਉਪਰੰਤ ਹਲਕਾ ਵਿਧਾਇਕ ਦੀ ਰਿਹਾਇਸ਼ ਅੱਗੇ ਮਾਨ ਸਰਕਾਰ ਦੀ ਅਰਥੀ ਫੂਕੀ ਗਈ ਅਤੇ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਵੀ ਕੀਤੀ ਗਈ।

ਇਸ ਮੌਕੇ ਸੀ ਪੀ ਆਈ ਨੈਸ਼ਨਲ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਹਾਜ਼ਰ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੀਆਂ ਰਵਾਇਤੀ ਧਿਰਾਂ ਤੋਂ ਅੱਕੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਪੂਰਨ ਬਹੁਮਤ ਦਿੱਤਾ, ਪ੍ਰੰਤੂ ਆਪ ਸਰਕਾਰ ਵੱਲੋਂ ਰੰਗਲਾ ਪੰਜਾਬ ਬਣਾਉਣ ਦੀ ਬਜਾਏ ਸੀਵਰੇਜ ਦੇ ਮਾੜੇ ਪ੍ਰਬੰਧਾਂ ਕਰਕੇ ਪੰਜਾਬ ਗੰਧਲਾ ਕਰ ਕੇ ਰੱਖ ਦਿੱਤਾ ਹੈ।

ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਅਰਸ਼ਦੀਪ, ਮਾਇਕਲ ਗਾਗੋਵਾਲ, ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਦੇ ਕੇਂਦਰੀ ਕਮੇਟੀ ਮੈਂਬਰ ਰਾਜਵਿੰਦਰ ਰਾਣਾ, ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ, ਵਪਾਰ ਮੰਡਲ ਦੇ ਮੁਨੀਸ਼ ਬੱਬੀ ਦਾਨੇਵਾਲੀਆ, ਅਜ਼ਾਦ ਸਮਾਜ ਪਾਰਟੀ ਦੇ ਭਗਵੰਤ ਸਿੰਘ ਸਮਾਓਂ, ਭਾਰਤ ਮੁਕਤੀ ਪਾਰਟੀ ਦੇ ਜਸਵੰਤ ਸਿੰਘ ਮਾਨਸਾ, ਇਸਤਰੀ ਆਗੂ ਜਸਵੀਰ ਕੌਰ ਨੱਤ, ਵਾਈਸ ਆਫ਼ ਮਾਨਸਾ ਦੇ ਹਰਜੀਵਨ ਸਿੰਘ ਸਰਾਂ, ਸਾਬਕਾ ਐੱਸ ਡੀ ਓ ਨਰਿੰਦਰ ਸ਼ਰਮਾ, ਅੰਮ੍ਰਿਤਪਾਲ ਕੂਕਾ ਅਤੇ ਰਤਨ ਭੋਲਾ ਨੇ ਅਫ਼ਸੋਸ ਜ਼ਾਹਰ ਕਰਦਿਆਂ ਕਿਹਾ ਕਿ ਸ਼ਹਿਰ ਵਿੱਚ ਨਗਰ ਕੌਂਸਲ, ਸੀਵਰੇਜ ਬੋਰਡ ਅਤੇ ਸਰਕਾਰ ਨਾਂਅ ਦੀ ਕੋਈ ਚੀਜ਼ ਵਿਖਾਈ ਨਹੀਂ ਦੇ ਰਹੀ ਅਤੇ ਨਾ ਹੀ ਇਸ ਦਾ ਕੋਈ ਵਾਲੀਵਾਰਸ ਹੈ, ਜਿਸ ਕਾਰਨ ਸ਼ਹਿਰੀਆਂ ਨੂੰ ਸੀਵਰੇਜ ਦੇ ਗੰਦੇ ਪਾਣੀ ਅਤੇ ਭਿਆਨਕ ਬਿਮਾਰੀਆਂ ਦੇ ਖਦਸ਼ੇ ਕਾਰਨ ਸੰਘਰਸ਼ ਦੇ ਰਾਹ ਪੈਣ ਲਈ ਮਜਬੂਰ ਹੋਣਾ ਪਿਆ ਹੈ। ਆਗੂਆਂ ਕਿਹਾ ਕਿ ਸੀਵਰੇਜ ਦੇ ਪੱਕੇ ਹੱਲ ਸੰਬੰਧੀ ਸ਼ਹਿਰੀਆਂ ਸਮੇਤ

● ਬਾਕੀ ਸਫ਼ਾ 2 'ਤੇ

# ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਕਨਫੈਡਰੇਸ਼ਨ ਵੱਲੋਂ ਪਾਰਲੀਮੈਂਟ ਵੱਲ ਮਾਰਚ ਕਰਨ ਦਾ ਐਲਾਨ




**ਲੁਧਿਆਣਾ** : ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਕਨਫੈਡਰੇਸ਼ਨ ਦੀ ਕੌਮੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਕੌਮੀ ਪ੍ਰਧਾਨ ਕਿਰਤਾਰਥ ਸਿੰਘ ਅਤੇ ਜਨਰਲ ਸਕੱਤਰ ਸੀ ਆਰ ਜੋਸ਼ੇ ਪ੍ਰਕਾਸ਼ ਦੀ ਪ੍ਰਧਾਨਗੀ ਹੇਠ ਕੋਲਕਾਤਾ ਵਿਖੇ ਹੋਈ। ਇਸ ਮੀਟਿੰਗ ਵਿੱਚ ਪੰਜਾਬ ਰਾਜ ਤੋਂ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22ਬੀ, ਚੰਡੀਗੜ੍ਹ ਦੇ ਸੂਬਾ ਪ੍ਰਧਾਨ ਅਤੇ ਕੌਮੀ ਮੀਤ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਸੂਬਾਈ ਆਗੂ ਰਣਦੀਪ ਸਿੰਘ ਫਤਿਹਗੜ੍ਹ ਸਾਹਿਬ, ਹੰਸ ਰਾਜ ਦੀਦਾਰਗੜ੍ਹ ਅਤੇ ਇੰਦਰ ਸ਼ਰਮਾ ਧੂਰੀ ਨੇ ਭਾਗ ਲਿਆ। ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਨੀਤੀਆਂ ਦੇ ਖਿਲਾਫ ਸਾਰੇ ਭਾਰਤ ਵਿੱਚ ਪ੍ਰਦਰਸ਼ਨ ਕੀਤੇ ਜਾਣਗੇ। ਇਸ ਤੋਂ ਬਾਅਦ 11 ਅਪ੍ਰੈਲ ਨੂੰ ਜੰਤਰ-ਮੰਤਰ ਨਵੀਂ ਦਿੱਲੀ ਵਿਖੇ ਰੈਲੀ ਕਰਨ ਤੋਂ ਬਾਅਦ ਪਾਰਲੀਮੈਂਟ ਵੱਲ ਮਾਰਚ ਕੀਤਾ ਜਾਵੇਗਾ। ਮੀਟਿੰਗ ਵਿੱਚ ਨੋਟ ਕੀਤਾ ਗਿਆ ਕਿ ਕੇਂਦਰ ਅਤੇ ਰਾਜ ਸਰਕਾਰਾਂ

● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਚਰਚਾ ਸਾਧੂਆਂ ਦੀ ਹੁੰਦੀ ਆ ਕੁੰਭ ਮੌਕੇ,
ਜਿਹੜੇ ਆਏ ਗ੍ਰਿਹਸਤ ਕਈ ਛੋੜ ਬੇਲੀ।
ਰਾਹ ਤਿਆਗ ਦਾ ਲਿਆ ਹੈ ਮੱਲ ਉਹਨਾਂ,
ਦੱਸਣ ਸੰਨਿਆਸ ਦਾ ਕੱਢ ਨਿਚੋੜ ਬੇਲੀ।
ਗ੍ਰਿਹਸਤੀ ਲੋਕ ਆ ਉਨ੍ਹਾਂ ਦੇ ਕੋਲ ਜਾਂਦੇ,
ਦੋਵਾਂ ਲਈ ਆਪਸੀ ਜੋੜ ਦੀ ਲੋੜ ਬੇਲੀ।
ਆਸਥਾ ਨਾਲ ਕਈ ਸਿਰ ਝੁਕਾਉਣ ਜਾਂਦੇ,
ਲੱਭ ਰਿਹਾ ਸਾਂਝ ਦਾ ਕੋਈ ਨਾ ਤੋੜ ਬੇਲੀ।
ਆਪਣੇ ਆਪ ਨੂੰ ਸਾਰੇ ਇਹ ਠੀਕ ਆਖਣ,
ਜਿਊਣਾ ਗ੍ਰਿਹਸਤ ਦਾ ਕਰਨਗੇ ਰੱਦ ਬੇਲੀ।
ਵੱਖੋ-ਵੱਖ ਰਹਿਣਾ, ਮੁੜ-ਮੁੜ ਮੇਲ ਹੋਣਾ,
ਪਤਾ ਨਹੀਂ ਕਿਹੋ ਜਿਹੀ ਰੱਖਦੇ ਹੱਦ ਬੇਲੀ।

-ਤੀਸ ਮਾਰ ਖਾਂ

## ਨਵੇਂ ਵਰ੍ਹੇ ਨਵੇਂ ਸੁਪਨੇ ਸਿਰਜਣ ਲਈ ਦੇਸ਼ ਭਗਤ ਯਾਦਗਾਰ ਹਾਲ 'ਚ ਇਕੱਤਰਤਾ 26 ਨੂੰ

**ਜਲੰਧਰ** : ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਸੱਭਿਆਚਾਰਕ ਵਿੰਗ ਵੱਲੋਂ ਹਰ ਸਾਲ ਵਾਂਗ ਇਸ ਵਾਰ ਨਵੇਂ ਵਰ੍ਹੇ ਮੌਕੇ 26 ਜਨਵਰੀ 11:30 ਵਜੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਇਕੱਤਰਤਾ ਕੀਤੀ ਜਾ ਰਹੀ ਹੈ। ਇਸ 'ਚ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਸਮੇਤ ਦਸੰਬਰ, ਜਨਵਰੀ ਮਹੀਨੇ ਦੇ ਸਮੂਹ ਗ਼ਦਰੀ ਦੇਸ਼ ਭਗਤਾਂ, ਕੂਕਾ ਲਹਿਰ, ਦੁੱਲਾ ਭੱਟੀ ਅਤੇ ਇਤਿਹਾਸਕ ਘਟਨਾਵਾਂ ਦੀ ਪ੍ਰਸੰਗਿਕਤਾ ਬਾਰੇ ਵਿਚਾਰਾਂ ਹੋਣਗੀਆਂ। ਇਸ ਤੋਂ ਇਲਾਵਾ ਸਾਹਿਤ, ਕਲਾ, ਮਿਊਜ਼ੀਅਮ, ਥੀਏਟਰ ਅਤੇ ਮੁੱਖ ਦੁਆਰ ਬਾਹਰ ਭਵਿੱਖ ਵਿਚ ਹੋਣ ਵਾਲੇ ਕੰਮਾਂ ਬਾਰੇ ਵੀ ਵਿਚਾਰਾਂ ਹੋਣਗੀਆਂ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ

● ਬਾਕੀ ਸਫ਼ਾ 2 'ਤੇ




14-jan-PAGE-4.qxd 1/13/2025 9:41 PM Page 1

ਨਵਾਂ ਜ਼ਮਾਨਾ

ਮੰਗਲਵਾਰ, 14 ਜਨਵਰੀ 2025

# ਦਮਨ ਦੀ ਇੰਤਹਾ

ਮੁੰਬਈ ਹਾਈ ਕੋਰਟ ਨੇ ਬੀਤੇ ਦਿਨੀਂ ਐਲਗਾਰ ਪ੍ਰੀਸ਼ਦ-ਭੀਮਾ ਕੋਰੇਗਾਂਵ ਮਾਮਲੇ 'ਚ ਗਿ੍ਰਫਤਾਰ ਕਾਰਕੁਨ ਰੋਨਾ ਵਿਲਸਨ ਤੇ ਸੁਧੀਰ ਧਵਲੇ ਨੂੰ ਜ਼ਮਾਨਤ 'ਤੇ ਰਿਹਾਅ ਕਰਨ ਦੇ ਹੁਕਮ ਦੇ ਦਿੱਤੇ, ਕਿਉਂਕਿ ਲਗਭਗ ਛੇ ਸਾਲ ਤੋਂ ਏਜੰਸੀਆਂ ਉਨ੍ਹਾਂ ਦਾ ਮੁਕੱਦਮਾ ਹੀ ਸ਼ੁਰੂ ਨਹੀਂ ਕਰਾ ਸਕੀਆਂ। ਇਸ ਮਾਮਲੇ 'ਚ 16 ਨਾਮਵਰ ਹਸਤੀਆਂ ਨੂੰ ਮਹਾਰਾਸ਼ਟਰ ਦੀ ਤਲੋਜਾ ਸੈਂਟਰਲ ਜੇਲ੍ਹ ਵਿੱਚ ਰੱਖਿਆ ਗਿਆ ਸੀ। ਕੁਝ ਨੂੰ ਤਾਂ ਸ਼ਰਤਾਂ ਨਾਲ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਸੀ, ਪਰ 83 ਸਾਲਾ ਫਾਦਰ ਸਟੇਨ ਸਵਾਮੀ, ਜਿਹੜੇ ਪਰਕਿਨਸਨ ਰੋਗ ਤੋਂ ਪੀੜਤ ਸਨ, ਦੀ ਜੇਲ੍ਹ ਵਿੱਚ ਹੀ ਕੋਰੋਨਾ ਨਾਲ ਮੌਤ ਹੋ ਗਈ ਸੀ। ਦੇਸ਼ਧ੍ਰੋਹ, ਰਾਜ-ਸੱਤਾ ਨੂੰ ਉਖਾੜ ਸੁੱਟਣ ਦੀ ਸਾਜ਼ਿਸ਼ ਹੀ ਨਹੀਂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹੱਤਿਆ ਦੀ ਸਾਜ਼ਿਸ਼ ਰਚਣ ਵਰਗੇ ਦੋਸ਼ ਲਾ ਕੇ ਇਨ੍ਹਾਂ ਲੋਕਾਂ ਦੀ ਜ਼ਿੰਦਗੀ ਲਗਭਗ ਖਤਮ ਕੀਤੀ ਜਾ ਚੁੱਕੀ ਹੈ। ਇਹ ਸਾਰੇ ਦੋਸ਼ ਬੇਹੱਦ ਸੰਗੀਨ ਹਨ, ਪਰ ਵਿਡੰਬਨਾ ਦੇਖੋ ਕਿ ਵੱਡੀਆਂ ਏਜੰਸੀਆਂ ਇਨ੍ਹਾਂ ਦੇ ਮੁਕੱਦਮੇ ਹੀ ਸ਼ੁਰੂ ਨਹੀਂ ਕਰਾ ਸਕੀਆਂ। ਬਸ ਇਨ੍ਹਾਂ ਏਜੰਸੀਆਂ ਨੇ ਸੰਗੀਨ ਦੋਸ਼ ਲਾ ਕੇ ਇਨ੍ਹਾਂ ਨੂੰ ਜੇਲ੍ਹਾਂ ਵਿੱਚ ਸੜਨ ਲਈ ਸੁੱਟ ਦਿੱਤਾ। 10 ਫਰਵਰੀ 2021 ਨੂੰ ਅਮਰੀਕੀ ਅਖਬਾਰ 'ਦੀ ਵਾਸ਼ਿੰਗਟਨ ਪੋਸਟ' ਨੇ ਖਬਰ ਦਿੱਤੀ ਸੀ ਕਿ ਮੈਸਾਚੁਸੇਟਸ ਸਥਿਤ ਡਿਜੀਟਲ ਫੋਰੈਂਸਿਕ ਫਰਮ ਆਰਸੇਨਲ ਕੰਸਲਟਿੰਗ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਰੋਨਾ ਵਿਲਸਨ ਖਿਲਾਫ ਸਬੂਤ ਉਨ੍ਹਾ ਦੇ ਲੈਪਟਾਪ 'ਤੇ ਕਿਸੇ ਹਮਲਾਵਰ ਵੱਲੋਂ ਮੈਲਵੇਅਰ ਦੀ ਵਰਤੋਂ ਕਰਕੇ ਪਾਇਆ ਗਿਆ ਸੀ। ਉਨ੍ਹਾ ਦਾ ਲੈਪਟਾਪ 22 ਮਹੀਨੇ ਤੋਂ ਵੱਧ ਸਮੇਂ ਤੱਕ ਹੈਕ ਕੀਤਾ ਗਿਆ ਸੀ।

ਮਈ 2014 ਵਿੱਚ ਭਾਜਪਾ ਨੂੰ ਪੂਰਨ ਬਹੁਮਤ ਨਾਲ ਸਰਕਾਰ ਬਣਾਉਣ ਦਾ ਮੌਕਾ ਮਿਲਿਆ ਸੀ। ਉਸ ਨੂੰ ਇਹ ਫਤਵਾ ਭਾਰਤ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਉਣ ਤੇ ਅੱਛੇ ਦਿਨ ਲਿਆਉਣ ਲਈ ਮਿਲਿਆ ਸੀ, ਪਰ ਬਹੁਤ ਛੇਤੀ ਹੀ ਭਾਜਪਾ ਤੇ ਉਸ ਦੇ ਆਈ ਟੀ ਸੈੱਲ ਨੇ ਦੇਸ਼ ਦੀ ਪੂਰੀ ਫਿਜ਼ਾ ਹੀ ਬਦਲ ਦਿੱਤੀ ਸੀ। ਅਚਾਨਕ ਦੇਸ਼ ਦੇ ਸਭ ਤੋਂ ਵਕਾਰੀ ਵਿਦਿਅਕ ਅਦਾਰੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਨੂੰ ਦੇਸ਼ਧ੍ਰੋਹੀਆਂ ਦਾ ਅੱਡਾ ਕਹਿ ਕੇ ਪੁਕਾਰਿਆ ਜਾਣ ਲੱਗਾ। ਇਸੇ ਪਿਛੋਕੜ ਵਿੱਚ ਇੱਕ ਜਨਵਰੀ 2018 ਨੂੰ ਮਹਾਰਾਸ਼ਟਰ ਦੇ ਪੁਣੇ ਕੋਲ ਭੀਮਾ-ਕੋਰੇਗਾਂਵ ਯੁੱਧ ਦੀ 200ਵੀਂ ਬਰਸੀ ਮੌਕੇ ਦਲਿਤਾਂ ਤੇ ਹਿੰਦੂਤਵਵਾਦੀ ਸ਼ਕਤੀਆਂ ਵਿਚਾਲੇ ਟਕਰਾਅ ਦੀਆਂ ਖਬਰਾਂ ਆਈਆਂ। ਇਸ ਘਟਨਾ ਵਿੱਚ 28 ਸਾਲਾ ਨੌਜਵਾਨ ਦੀ ਮੌਤ ਹੋ ਗਈ ਤੇ ਕਈ ਹੋਰ ਜ਼ਖਮੀ ਹੋ ਗਏ। ਐਲਗਾਰ ਪ੍ਰੀਸ਼ਦ ਸੰਮੇਲਨ ਦੇ ਜਥੇਬੰਦਕ ਸਾਬਕਾ ਜੱਜ ਬੀ ਜੀ ਕੋਲਸੇ ਪਾਟਿਲ ਤੇ ਪੀ ਬੀ ਸਾਵੰਤ ਸਨ। ਪਹਿਲਾਂ ਤਾਂ ਪੁਲਸ ਨੇ ਹਿੰਸਾ ਭੜਕਾਉਣ ਦੇ ਦੋਸ਼ ਵਿੱਚ 2 ਜਨਵਰੀ ਨੂੰ ਹਿੰਦੂਤਵਵਾਦੀ ਆਗੂ ਸੰਭਾਜੀ ਭਿੜੇ ਤੇ ਮਿਲਿੰਦ ਏਕਬੋਟੇ ਖਿਲਾਫ ਐੱਫ ਆਈ ਆਰ ਦਰਜ ਕੀਤੀ, ਪਰ ਇਕ ਹਫਤੇ ਬਾਅਦ 8 ਜਨਵਰੀ ਨੂੰ ਐਲਗਾਰ ਪ੍ਰੀਸ਼ਦ ਵਿੱਚ ਕਥਿਤ ਭੜਕਾਊ ਬਿਆਨ ਦੇਣ ਲਈ ਕਬੀਰ ਕਲਾ ਮੰਚ ਦੇ ਮੈਂਬਰਾਂ, ਸੁਧੀਰ ਧਵਲੇ, ਸਾਗਰ ਗੋਰਖੇ, ਰਮੇਸ਼ ਗਾਈਚੋਰ, ਹਰਸ਼ਾਲੀ ਪੋਤਦਾਰ, ਦੀਪਕ ਡੇਂਗਲੇ ਤੇ ਜਿਓਤੀ ਜਗਤਾਪ ਖਿਲਾਫ ਐੱਫ ਆਈ ਆਰ ਦਰਜ ਕਰਕੇ ਮਾਮਲੇ ਨੂੰ ਨਵਾਂ ਰੰਗ ਦੇ ਦਿੱਤਾ। ਪੂਰਾ ਮਾਮਲਾ ਪੁੱਠਾ ਹੋ ਗਿਆ, ਜਦੋਂ 8 ਜੂਨ 2018 ਨੂੰ ਸਮਾਜੀ ਅਧਿਕਾਰ ਕਾਰਕੁਨ ਰੋਨਾ ਵਿਲਸਨ, ਸੁਰਿੰਦਰ ਗਾਡਲਿੰਗ, ਸੁਧੀਰ ਧਵਲੇ, ਸ਼ੋਮਾ ਸੇਨ ਤੇ ਮਹੇਸ਼ ਰਾਊਤ ਨੂੰ ਗੈਰ-ਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ (ਯੂ ਏ ਪੀ ਏ) ਅਧੀਨ ਗਿ੍ਰਫਤਾਰ ਕੀਤਾ ਗਿਆ। ਇਸ ਦੇ ਬਾਅਦ 17 ਨਵੰਬਰ ਨੂੰ ਆਂਧਰਾ ਦੇ ਕ੍ਰਾਂਤੀਕਾਰੀ ਕਵੀ ਵਰਵਰਾ ਰਾਓ ਦੇ ਨਾਲ-ਨਾਲ ਅਰੁਣ ਫਰੇਰਾ, ਆਦਿਵਾਸੀਆਂ ਦੇ ਅਧਿਕਾਰਾਂ ਲਈ ਅਦਾਲਤਾਂ 'ਚ ਲੜਨ ਵਾਲੀ ਸਮਾਜੀ ਕਾਰਕੁਨ ਸੁਧਾ ਭਾਰਦਵਾਜ ਤੇ ਸੀਨੀਅਰ ਪੱਤਰਕਾਰ ਗੌਤਮ ਨਵਲੱਖਾ ਤੇ ਵਰਨੋਨ ਗੌਨਸਾਲਵੇਜ਼ ਨੂੰ ਦੇਸ਼ ਭਰ 'ਚ ਛਾਪੇ ਮਾਰ ਕੇ ਇਕੱਠਿਆਂ ਹਿਰਾਸਤ 'ਚ ਲੈ ਲਿਆ ਗਿਆ। ਦੋਸ਼ ਸੀ ਕਿ ਇਨ੍ਹਾਂ ਕਾਰਕੁਨਾਂ ਦਾ ਭੀਮਾ-ਕੋਰੇਗਾਂਵ ਦੀ ਘਟਨਾ ਨਾਲ ਸੰਬੰਧ ਹੋਣ ਦੇ ਇਲਾਵਾ ਪਾਬੰਦੀਸ਼ੁਦਾ ਮਾਓਵਾਦੀਆਂ ਨਾਲ ਵੀ ਸੰਬੰਧ ਸੀ। ਪੁਲਸ ਨੇ ਆਪਣੀ ਚਾਰਜਸ਼ੀਟ ਵਿੱਚ ਪੰਜ ਮਨੁੱਖੀ ਅਧਿਕਾਰ ਕਾਰਕੁਨਾਂ ਸਣੇ 10 ਲੋਕਾਂ ਖਿਲਾਫ ਦੋਸ਼ ਲਾਇਆ ਕਿ 31 ਦਸੰਬਰ ਦੇ ਪ੍ਰੋਗਰਾਮ ਨੂੰ ਪਾਬੰਦੀਸ਼ੁਦਾ ਸੀ ਪੀ ਆਈ (ਮਾਓਵਾਦੀ) ਦੀ ਯੋਜਨਾ ਮੁਤਾਬਕ ਆਯੋਜਿਤ ਕੀਤਾ ਗਿਆ ਸੀ, ਜਿਸ ਨਾਲ ਕਿ ਦਲਿਤ ਸਮੂਹਾਂ ਤੇ ਹੋਰ ਸੰਗਠਨਾਂ ਨੂੰ ਸੱਤਾਧਾਰੀਆਂ ਖਿਲਾਫ ਲਾਮਬੰਦ ਕੀਤਾ ਜਾ ਸਕੇ। ਪ੍ਰੋਗਰਾਮ ਵਿੱਚ ਭੜਕਾਊ ਭਾਸ਼ਣਾਂ ਨਾਲ ਲੋਕਾਂ ਨੂੰ ਭੜਕਾਇਆ ਗਿਆ ਤੇ ਇੱਕ ਜਨਵਰੀ ਨੂੰ ਮਾਓਵਾਦੀਆਂ ਦੇ ਸਰਗਰਮ ਕਾਰਕੁਨਾਂ ਨੇ ਹਿੰਸਾ ਕਰ ਦਿੱਤੀ। ਇਸ ਦੇ ਨਾਲ ਹੀ ਇਹ ਸਨਸਨੀਖੇਜ਼ ਦਾਅਵਾ ਠੋਕ ਦਿੱਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹੱਤਿਆ ਦੀ ਵੀ ਇਨ੍ਹਾਂ ਸਾਜ਼ਿਸ਼ ਰਚੀ। ਇਸ ਦਾ ਲਾਹਾ ਲੈ ਕੇ ਭਾਜਪਾ 2019 ਵਿੱਚ ਵੱਡੇ ਬਹੁਮਤ ਨਾਲ ਫਿਰ ਸੱਤਾ 'ਚ ਆ ਗਈ, ਪਰ 2019 ਦੇ ਅੰਤ 'ਚ ਮਹਾਰਾਸ਼ਟਰ ਅਸੈਂਬਲੀ ਚੋਣਾਂ ਦੇ ਨਤੀਜਿਆਂ ਦੇ ਬਾਅਦ ਹਾਲਾਤ ਅਜਿਹੇ ਬਣੇ ਕਿ ਭਾਜਪਾ ਹੱਥੋਂ ਸੱਤਾ ਖੁੱਸ ਗਈ ਅਤੇ ਸ਼ਿਵ ਸੈਨਾ, ਕਾਂਗਰਸ ਤੇ ਐੱਨ ਸੀ ਪੀ ਦੀ ਸਰਕਾਰ ਬਣ ਗਈ। ਨਵੀਂ ਸੂਬਾ ਸਰਕਾਰ ਨੇ 22 ਜਨਵਰੀ 2020 ਨੂੰ ਭੀਮਾ-ਕੋਰੇਗਾਂਵ ਮਾਮਲੇ ਦੀ ਜਾਂਚ ਦੇ ਆਦੇਸ਼ ਦਿੱਤੇ ਤੇ ਵਿਸ਼ੇਸ਼ ਜਾਂਚ ਟੀਮ (ਸਿੱਟ) ਬਣਾਉਣ ਲਈ ਵਿਚਾਰ ਸ਼ੁਰੂ ਕੀਤਾ। ਇਸ ਤੋਂ ਪਹਿਲਾਂ ਕਿ ਸੂਬਾ ਸਰਕਾਰ ਕੁਝ ਕਰਦੀ, ਕੇਂਦਰ ਸਰਕਾਰ ਨੇ ਕੇਂਦਰੀ ਗ੍ਰਹਿ ਮੰਤਰਾਲੇ ਅਧੀਨ ਕੰਮ ਕਰਦੀ ਕੌਮੀ ਜਾਂਚ ਏਜੰਸੀ (ਐੱਨ ਆਈ ਏ) ਨੂੰ ਮਾਮਲਾ ਸੌਂਪ ਦਿੱਤਾ। ਫਿਰ 14 ਅਪ੍ਰੈਲ 2020 ਨੂੰ ਡਾਕਟਰ ਅੰਬੇਡਕਰ ਦੀ 129ਵੀਂ ਬਰਸੀ ਮੌਕੇ ਦਲਿਤ ਚਿੰਤਕ ਤੇ ਲੇਖਕ ਆਨੰਦ ਤੇਲਤੁੰਬੜੇ ਨੂੰ ਐੱਨ ਆਈ ਏ ਨੇ ਚੁੱਕ ਲਿਆ। ਦੋਸ਼ ਲਾਇਆ ਕਿ ਉਨ੍ਹਾ ਦੇ ਆਂਧਰਾ ਤੇ ਤਿਲੰਗਾਨਾ ਵਿੱਚ ਸਰਗਰਮ ਸੀ ਪੀ ਆਈ (ਮਾਓਵਾਦੀ) ਨਾਲ ਸੰਪਰਕ ਸਨ ਤੇ ਮਹਾਰਾਸ਼ਟਰ ਦੇ ਕੋਰਚੀ ਜੰਗਲ 'ਚ ਅੱਤਵਾਦੀਆਂ ਨੂੰ ਹਥਿਆਰ ਤੇ ਵਿਸਫੋਟਕ ਦੀ ਟਰੇਨਿੰਗ ਦੇ ਰਹੇ ਸਨ। 9 ਅਕਤੂਬਰ 2020 ਨੂੰ 83 ਸਾਲਾ ਸਟੇਨ ਸਵਾਮੀ ਤੇ ਸੁਧਾ ਭਾਰਦਵਾਜ ਨੂੰ ਇਹ ਦੋਸ਼ ਲਾ ਕੇ ਗਿ੍ਰਫਤਾਰ ਕਰ ਲਿਆ ਕਿ ਉਨ੍ਹਾ ਦੀ ਜਥੇਬੰਦੀ ਪੀ ਪੀ ਐੱਸ ਸੀ ਅਸਲ ਵਿੱਚ ਮਾਓਵਾਦੀਆਂ ਦਾ ਮੁਖੌਟਾ ਹੈ। ਐੱਨ ਆਈ ਏ ਛੇ ਸਾਲ ਬਾਅਦ ਵੀ ਸਾਰੇ 16 ਮੁਲਜ਼ਮਾਂ ਖਿਲਾਫ ਕੋਈ ਠੋਸ ਸਬੂਤਨਹੀਂ ਪੇਸ਼ ਕਰ ਸਕੀ ਅਤੇ ਪ੍ਰਮੁੱਖ ਮੁਲਜ਼ਮਾਂ ਮਿਲਿੰਦ ਏਕਬੋਟੇ ਤੇ ਭਿੜੇ ਨੂੰ ਬੜੀ ਸਫਾਈ ਨਾਲ ਬਚਾਅ ਲਿਆ ਗਿਆ। ਦਰਅਸਲ ਇਹ ਸੱਤਾਧਾਰੀਆਂ ਦੀ ਅਜਿਹੀ ਸਾਜ਼ਿਸ਼ ਸੀ, ਜਿਸ ਵਿੱਚ ਦਲਿਤਾਂ, ਆਦਿਵਾਸੀਆਂ ਤੇ ਮਜ਼ਦੂਰਾਂ ਦੇ ਹੱਕਾਂ ਲਈ ਜ਼ਮੀਨ 'ਤੇ ਲੜਨ ਵਾਲੇ, ਕਲਮ ਚਲਾਉਣ ਵਾਲੇ ਤੇ ਅਦਾਲਤੀ ਲੜਾਈ ਲੜਨ ਵਾਲੇ ਬੇਗੁਨਾਹ ਨਾਗਰਿਕਾਂ ਨੂੰ ਅਣਮਨੁੱਖੀ ਤਸੀਹੇ ਝੱਲਣੇ ਪਏ। ਭੀਮਾ-ਕੋਰੇਗਾਂਵ ਦੀ ਸਾਲਾਨਾ ਬਰਸੀ ਦੀ ਪਰੰਪਰਾ ਨੂੰ ਖੁਦ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਨੇ ਇੱਕ ਜਨਵਰੀ 1927 ਦੇ ਦਿਨ 109ਵੀਂ ਬਰਸੀ 'ਤੇ ਸ਼ੁਰੂ ਕੀਤਾ ਸੀ ਅਤੇ ਅੱਜ ਉਨ੍ਹਾ ਦੇ ਗੁਣਗਾਣ ਕਰਨ ਵਾਲੀ ਭਾਜਪਾ ਤੋਂ ਇਹ ਪੁੱਛਣਾ ਬਣਦਾ ਹੈ ਕਿ ਉਸ ਦੀ ਸਰਕਾਰ ਨੇ ਡਾਕਟਰ ਅੰਬੇਡਕਰ ਦੇ ਹੀ ਕੰਮਾਂ ਨੂੰ ਅੱਗੇ ਵਧਾਉਣ ਵਾਲਿਆਂ ਖਿਲਾਫ ਇਹ ਦਮਨ ਕਿਉਂ ਕੀਤਾ?

# ਟਰੰਪ ਦੀ ਖਤਰਨਾਕ ਬਿਆਨਬਾਜ਼ੀ ਦੁਨੀਆ ਨੂੰ ਦਲਦਲ 'ਚ ਧੱਕ ਦੇਵੇਗੀ



ਡਾ. ਅਰੁਣ ਮਿੱਤਰਾ

ਟਰੰਪ ਦੀ ਚੇਤਾਵਨੀ ਕਿ ਜੇਕਰ ਹਮਾਸ ਦੁਆਰਾ ਬੰਧਕਾਂ ਨੂੰ ਉਦਘਾਟਨ ਦਿਵਸ ਤੱਕ ਰਿਹਾਅ ਨਹੀਂ ਕੀਤਾ ਜਾਂਦਾ ਤਾਂ 'ਪੱਛਮੀ ਏਸ਼ੀਆ ਵਿੱਚ ਸਾਰਾ ਨਰਕ ਟੁੱਟ ਜਾਵੇਗਾ' ਨੇ ਵਿਸ਼ਵ ਨੂੰ ਬਹੁਤ ਚਿੰਤਾ ਵਿੱਚ ਪਾ ਦਿੱਤਾ ਹੈ ਅਤੇ ਛੇਤੀ ਸ਼ਾਂਤੀਪੂਰਨ ਸਮਝੌਤੇ ਦੀਆਂ ਉਮੀਦਾਂ ਨੂੰ ਦੂਰ ਕਰ ਦਿੱਤਾ ਹੈ। ਪੂਰੀ ਦੁਨੀਆ ਜਾਣਦੀ ਹੈ ਕਿ ਮੱਧ ਪੂਰਬ ਖਾਸ ਕਰਕੇ ਗਾਜ਼ਾ 'ਤੇ ਪਹਿਲਾਂ ਹੀ ਨਰਕ ਟੁੱਟ ਚੁੱਕਾ ਹੈ। ਗਾਜ਼ਾ ਵਿੱਚ ਸਿਹਤ ਮੰਤਰਾਲੇ ਦੁਆਰਾ ਰਿਪੋਰਟ ਮੁਤਾਬਕ 46000 ਲੋਕਾਂ ਦੀ ਮੌਤ ਹੋ ਗਈ ਹੈ। ਇਨ੍ਹਾਂ ਵਿੱਚੋਂ 70 ਫੀਸਦੀ ਤੋਂ ਵੱਧ ਔਰਤਾਂ ਅਤੇ ਬੱਚੇ ਹਨ। ਜ਼ਖਮੀਆਂ ਦੀ ਗਿਣਤੀ 1,09,000 ਤੋਂ ਵੱਧ ਦੱਸੀ ਜਾ ਰਹੀ ਹੈ। 23 ਲੱਖ ਦੀ ਆਬਾਦੀ ਵਿੱਚੋਂ 15 ਲੱਖ ਤੋਂ ਵੱਧ ਲੋਕ ਉਜਾੜੇ ਗਏ ਹਨ। ਲਗਭਗ ਸਾਰਾ ਗਾਜ਼ਾ ਮਲਬੇ ਵਿੱਚ ਬਦਲ ਗਿਆ ਹੈ। ਨੇਤਨਯਾਹੂ ਸਰਕਾਰ ਭੋਜਨ, ਦਵਾਈਆਂ ਅਤੇ ਹੋਰ ਜ਼ਰੂਰੀ ਲੋੜਾਂ ਦੇ ਰੂਪ ਵਿੱਚ ਮਨੁੱਖਤਾਵਾਦੀ ਸਹਾਇਤਾ ਦੀ ਆਗਿਆ ਨਹੀਂ ਦੇ ਰਹੀ। ਹੁਣ ਪਾਣੀ ਦੀ ਸਪਲਾਈ ਵੀ ਰੋਕੀ ਜਾ ਰਹੀ ਹੈ। ਇਹ ਲੋਕਾਂ ਨੂੰ ਭੁੱਖਮਰੀ ਅਤੇ ਪਿਆਸ ਨਾਲ ਮਰਨ ਦੇ ਉਨ੍ਹਾਂ ਦੇ ਇਰਾਦੇ ਨੂੰ ਦਰਸਾਉਂਦਾ ਹੈ। ਸਵੱਛਤਾ ਦੀਆਂ ਸਥਿਤੀਆਂ ਬਹੁਤ ਮਾੜੀਆਂ ਹਨ, ਜਿਸ ਕਾਰਨ ਆਬਾਦੀ ਨੂੰ ਛੂਤ ਦੀਆਂ ਬਿਮਾਰੀਆਂ ਦਾ ਬਹੁਤ ਜ਼ਿਆਦਾ ਖਤਰਾ ਹੈ। ਇਸ ਕੜਾਕੇ ਦੀ ਸਰਦੀ ਵਿੱਚ ਰਹਿਣ ਦੇ ਯੋਗ ਪ੍ਰਬੰਧਾਂ ਦੀ ਅਣਹੋਂਦ ਵਿੱਚ ਬੱਚੇ ਠੰਢ ਨਾਲ ਸਰੀਰ ਦਾ ਤਾਪਮਾਨ ਘਟ ਜਾਣਾ (ਹਾਈਪੋਥਰਮੀਆ) ਨਾਲ ਮਰ ਰਹੇ ਹਨ, ਪਰ ਅਜਿਹਾ ਲਗਦਾ ਹੈ ਜਿਵੇਂ ਕਿ ਇਸ ਤੋਂ ਵੀ ਟਰੰਪ ਸੰਤੁਸ਼ਟ ਨਹੀਂ ਹਨ। ਅਮਰੀਕਾ ਜਾਇਨਵਾਦੀ ਸ਼ਾਸਨ ਨੂੰ ਭਾਰੀ ਮਾਤਰਾ ਵਿੱਚ ਹਥਿਆਰਾਂ ਦੀ ਸਪਲਾਈ ਕਰ ਰਿਹਾ ਹੈ। ਨਾ ਤਾਂ ਅਮਰੀਕਾ ਅਤੇ ਨਾ ਹੀ ਇਜ਼ਰਾਈਲ ਸਰਕਾਰ ਬੰਧਕਾਂ ਨੂੰ ਲੈ ਕੇ ਗੰਭੀਰ ਹੈ। ਜੇ ਏਨੀ ਤਬਾਹੀ ਅਤੇ ਕਤਲੇਆਮ ਅਤੇ ਹੁਣ ਜਦੋਂ ਕੀ ਹਮਾਸ ਦਾ ਵਿਰੋਧ ਨਾ ਬਰਾਬਰ ਹੈ, ਉਹਨਾਂ ਨੂੰ ਬੰਧਕ ਨਹੀਂ ਲੱਭ ਰਹੇ ਤਾਂ ਉਹ ਕਿੱਥੇ ਗਾਇਬ ਹੋ ਗਏ ਹਨ? ਇਜ਼ਰਾਈਲ ਹਸਪਤਾਲਾਂ ਜਾਂ ਸੁਰੰਗਾਂ ਵਿਚ ਬੰਧਕਾਂ ਜਾਂ ਹਮਾਸ ਦਾ ਕੋਈ ਸਬੂਤ ਪੇਸ਼ ਕਰਨ ਵਿਚ ਅਸਫਲ ਰਿਹਾ ਹੈ, ਪਰ ਫਿਰ ਵੀ ਉਨ੍ਹਾਂ 'ਤੇ ਭਾਰੀ ਬੰਬਾਰੀ ਕਰ ਰਿਹਾ ਹੈ। ਲੇਬਨਾਨ ਅਤੇ ਪੱਛਮੀ ਕੰਢੇ 'ਚ ਵੱਡੇ ਪੱਧਰ 'ਤੇ ਤਬਾਹੀ ਹੋਈ ਹੈ। ਉਹ ਪਹਿਲਾਂ ਹੀ ਸੀਰੀਆ ਵਿੱਚ ਸ਼ਾਸਨ ਤਬਦੀਲੀ ਪ੍ਰਾਪਤ ਕਰ ਚੁੱਕੇ ਹਨ। ਮਿਸਟਰ ਟਰੰਪ ਹੋਰ ਕਿੰਨੇ ਬੇਕਸੂਰ ਲੋਕਾਂ ਨੂੰ ਮਾਰਨਾ ਚਾਹੁੰਦਾ ਹੈ?

ਟਰੰਪ ਨੇ ਪਨਾਮਾ ਨਹਿਰ, ਗ੍ਰੀਨਲੈਂਡ ਅਤੇ ਮੈਕਸੀਕੋ ਦੀ ਖਾੜੀ ਦਾ ਨਾਂਅ ਬਦਲ ਕੇ ਅਮਰੀਕਾ ਦੀ ਖਾੜੀ ਰੱਖਣ ਲਈ ਤਾਕਤ ਦੀ ਵਰਤੋਂ ਕਰਨ ਦੀ ਧਮਕੀ ਵੀ ਦਿੱਤੀ ਹੈ। ਉਸ ਨੇ ਕੈਨੇਡਾ ਨੂੰ ਅਮਰੀਕਾ ਦਾ ਇੱਕ ਰਾਜ ਬਣਾਉਣ ਦਾ ਪ੍ਰਸਤਾਵ ਵੀ ਰੱਖਿਆ ਹੈ। ਇਹ ਇੱਕ ਖ਼ਤਰਨਾਕ ਵਿਸਤਾਰਵਾਦੀ ਡਿਜ਼ਾਈਨ ਹੈ, ਜੋ ਹਿਟਲਰ ਅਤੇ ਉਸ ਦੇ ਸਹਿਯੋਗੀਆਂ ਦੇ ਡਿਜ਼ਾਈਨਾਂ ਦੀ ਯਾਦ ਦਿਵਾਉਂਦਾ ਹੈ ਜੋ ਆਖਰਕਾਰ ਦੂਜੇ ਵਿਸ਼ਵ ਯੁੱਧ ਦਾ ਕਾਰਨ ਬਣੇ। ਜੇਕਰ ਗ੍ਰੀਨਲੈਂਡ ਖਰੀਦਣ ਦੀ ਉਸ ਦੀ ਪੇਸ਼ਕਸ਼ ਦਾ ਵਿਰੋਧ ਕਰਦਾ ਹੈ ਤਾਂ ਉਸ ਨੇ ਡੈਨਮਾਰਕ 'ਤੇ ਟੈਰਿਫ ਲਗਾਉਣ ਦਾ ਸੁਝਾਅ ਵੀ ਦਿੱਤਾ ਹੈ। ਉਨ੍ਹਾ ਦਾ ਬੇਟਾ ਡੌਨ ਜੂਨੀਅਰ ਪਹਿਲਾਂ ਹੀ ਗ੍ਰੀਨਲੈਂਡ 'ਚ ਨਿੱਜੀ ਦੌਰੇ 'ਤੇ ਆ ਚੁੱਕਾ ਹੈ।



ਉਸ ਨੇ ਇਹ ਵੀ ਘੋਸ਼ਣਾ ਕੀਤੀ ਹੈ ਕਿ ਉਹ ਨਾਟੋ ਸਹਿਯੋਗੀਆਂ ਤੋਂ ਬਹੁਤ ਜ਼ਿਆਦਾ ਰੱਖਿਆ ਖਰਚੇ ਦੀ ਮੰਗ ਕਰੇਗਾ। ਟਰੰਪ ਨੇ ਕਿਹਾ ਕਿ ਨਾਟੋ ਦੇ ਮੈਂਬਰਾਂ ਨੂੰ ਮੌਜੂਦਾ 2 ਫੀਸਦੀ ਟੀਚੇ ਦੀ ਬਜਾਏ ਆਪਣੇ ਕੁੱਲ ਘਰੇਲੂ ਉਤਪਾਦ ਦਾ 5 ਫੀਸਦੀ ਰੱਖਿਆ 'ਤੇ ਖਰਚ ਕਰਨਾ ਚਾਹੀਦਾ ਹੈ।

ਇਹ ਚਿੰਤਾ ਦੇ ਨਾਲ ਨੋਟ ਕੀਤਾ ਜਾਣਾ ਚਾਹੀਦਾ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ ਹਥਿਆਰਾਂ ਦੇ ਖਰਚੇ ਪਹਿਲਾਂ ਹੀ ਅਸਮਾਨ ਨੂੰ ਛੂਹ ਗਏ ਹਨ। 2022 ਵਿੱਚ ਸੰਸਾਰ ਦਾ ਫੌਜੀ ਖਰਚ 224000 ਕਰੋੜ ਡਾਲਰ ਤੱਕ ਪਹੁੰਚ ਗਿਆ, ਜਿਸ ਵਿੱਚ 82900 ਕਰੋੜ ਡਾਲਰ ਸਿਰਫ਼ ਪ੍ਰਮਾਣੂ ਹਥਿਆਰਾਂ ਉੱਤੇ ਖਰਚ ਕੀਤੇ ਗਏ। ਪਰਮਾਣੂ ਹਥਿਆਰਾਂ ਦੇ ਖਾਤਮੇ ਲਈ ਅੰਤਰਰਾਸ਼ਟਰੀ ਮੁਹਿੰਮ (ICAN) ਦੇ ਅਨੁਸਾਰ 2023 ਵਿੱਚ ਨੌਂ ਪ੍ਰਮਾਣੂ ਹਥਿਆਰਬੰਦ ਰਾਜਾਂ ਨੇ ਇੱਕ ਸਾਲ ਪਹਿਲਾਂ ਨਾਲੋਂ ਆਪਣੇ ਪ੍ਰਮਾਣੂ ਹਥਿਆਰਾਂ 'ਤੇ £10800 ਕਰੋੜ (13.4 ਫੀਸਦੀ) ਵੱਧ ਖਰਚ ਕੀਤੇ, ਜਿਸ ਦਾ ਮਤਲਬ ਹੈ £2,898 ਪ੍ਰਤੀ ਸਕਿੰਟ।

ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ (SIPRI) ਨੇ 12 ਜੂਨ 2023 ਨੂੰ ਇੱਕ ਰਿਪੋਰਟ ਵਿੱਚ ਦੱਸਿਆ ਹੈ ਕਿ ਸੰਚਾਲਨ ਪ੍ਰਮਾਣੂ ਹਥਿਆਰਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ, ਕਿਉਂਕਿ ਕਈ ਦੇਸ਼ਾਂ ਨੇ ਆਪਣੀਆਂ ਲੰਮੇ ਸਮੇਂ ਦੀ ਤਾਕਤ ਦੇ ਆਧੁਨਿਕੀਕਰਨ ਦੀਆਂ ਯੋਜਨਾਵਾਂ ਦਾ ਵਿਸਥਾਰ ਕੀਤਾ ਹੈ। ਵਰਤਮਾਨ ਵਿੱਚ ਇਹ ਅਨੁਮਾਨ ਲਗਾਇਆ ਗਿਆ ਹੈ ਕਿ ਜਨਵਰੀ 2023 ਵਿੱਚ 12512 ਵਾਰਹੈੱਡ ਸਨ। ਰਿਪੋਰਟ ਵਿੱਚ ਅੱਗੇ ਦੱਸਿਆ ਗਿਆ ਹੈ ਕਿ ਰੂਸ ਅਤੇ ਅਮਰੀਕਾ ਦੇ ਕੋਲ ਸਾਰੇ ਪ੍ਰਮਾਣੂ ਹਥਿਆਰਾਂ ਦਾ ਲਗਭਗ 90 ਪ੍ਰਤੀਸ਼ਤ ਹੈ। ਇਹ ਹਥਿਆਰਾਂ ਦਾ ਖਰਚ ਸਮਾਜ ਭਲਾਈ ਸਕੀਮਾਂ ਲਈ ਖਜ਼ਾਨੇ ਦੀ ਕੀਮਤ 'ਤੇ ਹੁੰਦਾ ਹੈ।

ਜਲਵਾਯੂ ਪਰਿਵਰਤਨ 'ਤੇ ਟਰੰਪ ਦੇ ਵਿਚਾਰ ਪਹਿਲਾਂ ਤੋਂ ਹੀ ਜਾਣੇ ਜਾਂਦੇ ਹਨ। ਇਸ ਵਾਰ ਅਹੁਦਾ ਸੰਭਾਲਣ ਤੋਂ ਬਾਅਦ ਉਨ੍ਹਾ ਦਾ ਸਟੈਂਡ ਕੀ ਹੋਵੇਗਾ? ਟਰੰਪ ਇਸ ਸਭ ਲਈ ਆਰਥਿਕ ਸੁਰੱਖਿਆ ਦੀ ਲੋੜ ਦਾ ਹਵਾਲਾ ਦੇ ਰਹੇ ਹਨ। ਕੀ ਉਹ ਅਮਰੀਕਾ ਵਿੱਚ ਮਿਲਟਰੀ ਇੰਡਸਟਰੀਅਲ ਕੰਪਲੈਕਸ ਨੂੰ ਖੁਸ਼ ਕਰਨ 'ਚ ਲੱਗੇ ਹੋਏ ਹਨ?

ਜਿੱਥੇ ਕੁਝ ਦੇਸ਼ ਉਸ ਦੇ ਬਿਆਨਾਂ ਨੂੰ ਚਿੰਤਾ ਦੀ ਨਜ਼ਰ ਨਾਲ ਦੇਖਦੇ ਹਨ, ਉੱਥੇ ਹੀ ਵਿਰੋਧ ਦੀ ਆਵਾਜ਼ ਵੀ ਉੱਠ ਰਹੀ ਹੈ। ਕੈਨੇਡਾ ਦੀ ਵਿਦੇਸ਼ ਮੰਤਰੀ ਮੇਲਾਨੀਆ ਜੋਲੀ ਨੇ ਐੱਕਸ 'ਤੇ ਕਿਹਾ, 'ਚੁਣੇ ਹੋਏ ਰਾਸ਼ਟਰਪਤੀ ਟਰੰਪ ਦੀਆਂ ਟਿੱਪਣੀਆਂ ਇਸ ਗੱਲ ਦੀ ਸਮਝ ਦੀ ਪੂਰੀ ਘਾਟ ਨੂੰ ਦਰਸਾਉਂਦੀਆਂ ਹਨ ਕਿ ਕੈਨੇਡਾ ਇੱਕ ਮਜ਼ਬੂਤ ਦੇਸ਼ ਹੈ। ਸਾਡੀ ਆਰਥਿਕਤਾ ਮਜ਼ਬੂਤ ਹੈ। ਸਾਡੇ ਲੋਕ ਤਾਕਤਵਰ ਹਨ। ਅਸੀਂ ਧਮਕੀਆਂ ਦੇ ਸਾਹਮਣੇ ਕਦੇ ਵੀ ਪਿੱਛੇ ਨਹੀਂ ਹਟਾਂਗੇ।'

ਟਰੰਪ ਨੂੰ ਕੰਧ 'ਤੇ ਲਿਖਿਆ ਦੇਖਣਾ ਚਾਹੀਦਾ ਹੈ। ਵਿਸ਼ਵ ਸ਼ਾਂਤੀ, ਹਥਿਆਰਾਂ ਦੀ ਦੌੜ ਅਤੇ ਪ੍ਰਮਾਣੂ ਹਥਿਆਰਾਂ ਦਾ ਖਾਤਮਾ ਚਾਹੁੰਦਾ ਹੈ। ਆਲਮੀ ਭਾਈਚਾਰੇ ਨੇ ਜੁਲਾਈ 2017 ਵਿੱਚ ਸੰਯੁਕਤ ਰਾਸ਼ਟਰ ਮਹਾਂਸਭਾ ਵਿੱਚ ਪ੍ਰਮਾਣੂ ਹਥਿਆਰਾਂ ਦੀ ਮਨਾਹੀ ਵਾਲੀ ਸੰਧੀ ਨੂੰ ਪਾਸ ਕਰਕੇ ਆਪਣਾ ਇਰਾਦਾ ਦਿਖਾ ਦਿੱਤਾ ਹੈ।

ਚੋਣ ਪ੍ਰਚਾਰ ਦੌਰਾਨ ਟਰੰਪ ਨੇ ਵਾਰ-ਵਾਰ ਕਿਹਾ ਸੀ ਕਿ ਉਹ ਪਹਿਲਾਂ ਵਾਂਗ ਲੜਾਈਆਂ ਸ਼ੁਰੂ ਨਹੀਂ ਕਰਨ ਵਾਲੇ, ਸਗੋਂ ਜੰਗਾਂ ਨੂੰ ਖਤਮ ਕਰਨਗੇ, ਪਰ ਆਪਣੇ ਹਾਲੀਆ ਬਿਆਨਾਂ ਵਿੱਚ ਉਹ ਕੁਝ ਹਫਤੇ ਪਹਿਲਾਂ ਕਹੇ ਆਪਣੇ ਹੀ ਸ਼ਬਦਾਂ ਤੋਂ ਮੁਕਰ ਗਏ ਹਨ।

ਡੋਨਾਲਡ ਟਰੰਪ ਨੂੰ ਕੰਧ 'ਤੇ ਲਿਖੀ ਲਿਖਤ ਨੂੰ ਦੇਖਣਾ ਚਾਹੀਦਾ ਹੈ ਅਤੇ ਅਜਿਹੀ ਖਤਰਨਾਕ ਬਿਆਨਬਾਜ਼ੀ ਤੋਂ ਬਚਣਾ ਚਾਹੀਦਾ ਹੈ। ਚੱਲ ਰਹੇ ਯੁੱਧਾਂ ਵਿੱਚ ਕੋਈ ਵੀ ਵਾਧਾ ਜਾਂ ਨਵੇਂ ਯੁੱਧਾਂ ਦਾ ਵਾਧਾ ਪ੍ਰਮਾਣੂ ਹਥਿਆਰਾਂ ਦੇ ਖਤਰੇ ਨੂੰ ਵਧਾਏਗਾ, ਜੋ ਕਿ ਵਿਨਾਸ਼ਕਾਰੀ ਹੋਵੇਗਾ।

# ਸੰਪਰਕ : 94170-00360

# 'ਮਕਰ ਸੰਕ੍ਰਾਂਤੀ' ਤੇ ਮਾਘੀ ਦਾ ਮੇਲਾ



ਪ੍ਰਮੋਦ ਧੀਰ

ਸਾਡੇ ਦੇਸ਼ ਵਿੱਚ ਆਮ ਤੌਰ 'ਤੇ ਕਈ ਪ੍ਰਸਿੱਧ ਤਿਉਹਾਰ ਮਨਾਏ ਜਾਂਦੇ ਹਨ, ਜਿਨ੍ਹਾਂ ਵਿਚੋਂ ਲੋਹੜੀ ਅਤੇ 'ਮਕਰ ਸੰਕ੍ਰਾਂਤੀ' ਦਾ ਤਿਉਹਾਰ ਸਾਰੇ ਹੀ ਭਾਰਤ ਵਿੱਚ ਮੌਸਮੀ ਉਤਸਵ ਵਜੋਂ ਬੜੀ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਭਾਰਤ ਦਾ ਪ੍ਰਸਿੱਧ ਤਿਉਹਾਰ 'ਮਕਰ ਸੰਕ੍ਰਾਂਤੀ' ਪਹਿਲੀ ਮਾਘ ਨੂੰ ਭਾਵ ਅੱਜ ਦੇ ਦਿਨ ਸਮੁੱਚੇ ਹਿੰਦੁਸਤਾਨ ਵਿੱਚ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ, ਜਿਸ ਨੂੰ ਪੰਜਾਬੀ ਵਿੱਚ ਅਸੀਂ 'ਮਾਘੀ' ਦੇ ਤਿਉਹਾਰ ਵਜੋਂ ਜਾਣਦੇ ਹਾਂ। ਹਿਮਾਚਲ ਵਿੱਚ ਇਸ ਤਿਉਹਾਰ ਨੂੰ 'ਮਘਾ ਰਾ ਸਜ਼ਾ' ਨਾਲ ਜਾਣਿਆ ਜਾਂਦਾ ਹੈ।

ਦੇਸੀ ਮਹੀਨੇ ਪੋਹ ਦੇ ਆਖਰੀ ਦਿਨ ਭਾਵ ਲੋਹੜੀ ਤੋਂ ਅਗਲੇ ਦਿਨ ਚੜ੍ਹਨ ਵਾਲੇ ਮਾਘ ਮਹੀਨੇ ਦੀ ਸੰਗਰਾਂਦ ਨੂੰ ਲੱਗਣ ਵਾਲੇ ਪਵਿੱਤਰ ਸ਼ਹੀਦੀ ਜੋੜ ਮੇਲੇ ਮੁਕਤਸਰ ਸਾਹਿਬ ਦਾ ਖਾਸ ਮਹੱਤਵ ਹੈ। ਇਹ ਇਤਿਹਾਸਕ ਮੇਲਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲੋਂ ਤੋੜ-ਵਿਛੋੜਾ ਕਰਕੇ ਆਏ ਉਹਨਾਂ ਚਾਲੀ ਸਿੰਘਾਂ ਦੀ ਯਾਦ ਦਿਵਾਉਂਦਾ ਹੈ ਤੇ ਉਹਨਾਂ ਮਹਾਨ ਸੂਰਮਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਨ ਲਈ ਮਨਾਇਆ ਜਾਂਦਾ ਹੈ, ਜਿਨ੍ਹਾਂ ਆਪਣੀ ਭੁੱਲ ਬਖਸ਼ਾ ਕੇ ਇਥੇ ਖਿਦਰਾਣੇ ਦੀ ਢਾਬ 'ਤੇ ਹੋਈ ਆਖਰੀ ਫੈਸਲਾਕੁੰਨ ਲੜਾਈ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਦਿੱਤਾ ਤੇ ਜੋ ਬੇਦਾਵਾ ਲਿਖ ਕੇ ਆਏ ਸਨ ਕਿ ਤੁਸੀਂ ਸਾਡੇ ਗੁਰੂ ਨਹੀਂ ਤੇ ਅਸੀਂ ਤੁਹਾਡੇ ਸਿੱਖ ਨਹੀਂ ਉਹ ਬੇਦਾਵਾ ਪੜਵਾ ਕੇ ਆਪਣੀ ਟੁੱਟੀ ਗੰਢੀ ਸੀ।

ਪੰਜਾਬ ਵਿੱਚ ਮੁਕਤਸਰ ਸਾਹਿਬ ਦਾ ਮਾਘੀ ਦਾ ਮੇਲਾ ਪੂਰੀ ਦੁਨੀਆਂ ਵਿੱਚ ਪ੍ਰਸਿੱਧ ਹੈ, ਕਿਉਂਕਿ ਇਸ ਦਿਨ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਾਲੀ ਮੁਕਤਿਆਂ ਦੀ ਧਰਤੀ ਮੁਕਤਸਰ ਸਾਹਿਬ ਵਿਖੇ 40 ਸਿੰਘਾਂ ਨੂੰ ਮੁਆਫ਼ ਕਰਕੇ ਮੁਕਤ ਕੀਤਾ ਸੀ, ਜਿਸ ਕਰਕੇ ਇਸ ਪਵਿੱਤਰ ਧਰਤੀ ਦਾ ਨਾਂਅ ਮੁਕਤਸਰ ਸਾਹਿਬ ਪੈ ਗਿਆ। ਪੰਜਾਬ ਦੇ ਲਗਭਗ ਸਾਰੇ ਹੀ ਗੁਰਦੁਆਰਾ ਸਾਹਿਬ ਵਿਖੇ ਮਾਘੀ ਦਾ ਮੇਲਾ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਥਾਂ-ਥਾਂ ਮਾਘੀ ਮੇਲੇ ਲੱਗਦੇ ਹਨ। ਸ਼ਰਧਾਲੂ ਵੱਡੀ ਗਿਣਤੀ ਵਿੱਚ ਇਸ ਦਿਨ ਮੱਥਾ ਟੇਕਨ ਲਈ ਅਤੇ ਦੇਸੀ ਮਹੀਨੇ ਦੇ ਨਵੇਂ ਸਾਲ ਦੀ ਸ਼ੁਰੂਆਤ ਮੌਕੇ ਵਾਹਿਗੁਰੂ ਦਾ ਅਸ਼ੀਰਵਾਦ ਲੈਣ ਲਈ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੁੰਦੇ ਹਨ ਤੇ ਸਭ ਦੇ ਭਲੇ ਦੀ ਕਾਮਨਾ ਕਰਦੇ ਹਨ। ਇਸ ਦਿਨ ਸਾਰੇ ਹੀ ਦੇਸ਼ ਵਿੱਚ ਲੋਕਾਂ ਵੱਲੋਂ ਦਾਨ-ਪੁੰਨ ਕਰਨਾ ਚੰਗਾ ਸਮਝਿਆ ਜਾਂਦਾ ਹੈ। ਮਾਘੀ ਦੇ ਦਿਨ ਲੋਕ ਥਾਂ-ਥਾਂ ਲੰਗਰ ਲਗਾ ਕੇ ਦਾਨ-ਪੁੰਨ ਵੀ ਕਰਦੇ ਹਨ। ਲੋਕ ਰਲ-ਮਿਲ ਕੇ ਚਾਹ, ਪਕੌੜਿਆਂ, ਬਰੈੱਡਾਂ ਆਦਿ ਦੇ ਲੰਗਰ ਲਗਾਉਂਦੇ ਹਨ।



ਲੋਹੜੀ ਵਾਲੀ ਰਾਤ ਲੋਕ ਅਕਸਰ ਹੀ ਰਾਤ ਨੂੰ ਸਾਗ, ਖਿੱਚੜੀ ਆਦਿ ਬਣਾਉਂਦੇ ਹਨ ਤੇ ਅਗਲੇ ਦਿਨ ਖਾਂਦੇ ਹਨ, ਜਿਸ ਤਰਾਂ ਖਿਚੜੀ ਬਾਰੇ ਕਿਹਾ ਵੀ ਗਿਆ ਹੈ ਕਿ 'ਪੋਹ ਰਿੰਨੀ ਮਾਘ ਖਾਧੀ' ਭਾਵ ਪੋਹ ਦੇ ਅੰਤਮ ਦਿਨ ਬਣਾਈ ਅਤੇ ਮਾਘ ਮਹੀਨੇ ਦੀ ਇੱਕ ਤਰੀਕ ਨੂੰ ਖਾਧੀ। ਅਗਲੀ ਸਵੇਰ ਮਾਘੀ ਦਾ ਤਿਉਹਾਰ ਲੋਕ ਸਵੇਰੇ ਜਲਦੀ ਉੱਠ ਕੇ ਇਸ਼ਨਾਨ ਕਰਕੇ ਗੁਰੂ ਘਰ ਜਾ ਕੇ ਮਨਾਉਂਦੇ ਹਨ।

# ਸੰਪਰਕ : 98550-31081

# ਸੰਘੀ ਢਾਂਚਾ, ਕੇਂਦਰ ਅਤੇ ਰਾਜਾਂ ਦੇ ਸੰਬੰਧ

*ਭਾਰਤੀ ਸੰਵਿਧਾਨ ਅੰਦਰ ਕੇਂਦਰ ਅਤੇ ਸੂਬਾਈ ਸਰਕਾਰਾਂ ਵਿਚਕਾਰ ਕਾਨੂੰਨ ਬਣਾਉਣ, ਲਾਗੂ ਕਰਨ ਅਤੇ ਵਿੱਤੀ ਸੋਮਿਆਂ ਦੀ ਵੰਡ ਤੈਅ ਕੀਤੀ ਹੋਈ ਹੈ। ਜੇਕਰ ਇਸ ਨੂੰ ਧਿਆਨ ਵਿੱਚ ਰੱਖਿਆ ਜਾਵੇ ਤਾਂ ਸੰਵਿਧਾਨ ਡਰਾਫਟ ਕਮੇਟੀ ਦੇ ਚੇਅਰਮੈਨ ਡਾਕਟਰ ਭੀਮ ਰਾਓ ਅੰਬੇਡਕਰ ਦੀ ਗੱਲ ਵਾਜਬ ਹੈ ਕਿ ਬੇਸ਼ੱਕ ਸੰਵਿਧਾਨ ਵਿੱਚ ਦਰਜ ਅਨੇਕ ਧਾਰਾਵਾਂ ਅਨੁਸਾਰ ਕੇਂਦਰ ਨੂੰ ਰਾਜ ਸਰਕਾਰ ਦੇ ਫੈਸਲੇ ਰੱਦ ਕਰਨ ਜਾਂ ਬਦਲਣ ਦਾ ਅਧਿਕਾਰ ਦਿੱਤਾ ਗਿਆ ਹੈ, ਪਰ ਅਸਲ ਵਿੱਚ ਇਹ ਇੱਕ ਫੈਡਰਲ ਸੰਵਿਧਾਨ ਹੀ ਹੈ।*



ਰਮੇਸ਼ ਰਤਨ

ਇਤਿਹਾਸਕ ਪ੍ਰਸਥਿਤੀਆਂ ਨੂੰ ਪਰਖਣ ਨਾਲ ਇਹ ਤਾਂ ਪਤਾ ਲੱਗਦਾ ਹੈ ਕਿ ਭਾਰਤੀ ਸੰਵਿਧਾਨ ਘਾੜਿਆਂ ਦੇ ਸਾਹਮਣੇ ਵਿਸ਼ੇਸ਼ ਹਾਲਤਾਂ ਸਨ। ਉਹਨਾਂ ਲਈ ਦੇਸ ਦੀ ਅਖੰਡਤਾ ਨੂੰ ਕਾਇਮ ਰੱਖਣਾ ਸਰਬਉੱਚ ਧਿਆਨਯੋਗ ਪ੍ਰਾਥਮਿਕਤਾ ਸੀ। ਸ਼ਾਇਦ ਇਸੇ ਕਾਰਨ ਭਾਰਤੀ ਸੰਵਿਧਾਨ ਵਿੱਚ ਕਿਤੇ ਵੀ 'ਫੈਡਰਲ' ਸ਼ਬਦ ਨਹੀਂ ਲਿਖਿਆ ਗਿਆ।

ਦੂਜੇ ਪਾਸੇ ਦੇਸ਼ ਦੇ ਵਿਕਾਸ ਲਈ ਸਾਡੀਆਂ ਇਲਾਕਾਈ ਭਿੰਨਤਾਵਾਂ ਤੋਂ ਇਲਾਵਾ ਆਰਥਿਕ ਅਤੇ ਸਮਾਜਿਕ ਵਖਰੇਵਿਆਂ ਵਿੱਚੋਂ ਉਪਜੀਆਂ ਵਿਕਾਸ ਦੀਆਂ ਜ਼ਰੂਰਤਾਂ ਨੂੰ ਵੀ ਧਿਆਨ ਵਿੱਚ ਰੱਖਣਾ ਜ਼ਰੂਰੀ ਸੀ।

ਭਾਰਤੀ ਸੰਵਿਧਾਨ ਅੰਦਰ ਕੇਂਦਰ ਅਤੇ ਸੂਬਾਈ ਸਰਕਾਰਾਂ ਵਿਚਕਾਰ ਕਾਨੂੰਨ ਬਣਾਉਣ, ਲਾਗੂ ਕਰਨ ਅਤੇ ਵਿੱਤੀ ਸੋਮਿਆਂ ਦੀ ਵੰਡ ਤੈਅ ਕੀਤੀ ਹੋਈ ਹੈ। ਜੇਕਰ ਇਸ ਨੂੰ ਧਿਆਨ ਵਿੱਚ ਰੱਖਿਆ ਜਾਵੇ ਤਾਂ ਸੰਵਿਧਾਨ ਡਰਾਫਟ ਕਮੇਟੀ ਦੇ ਚੇਅਰਮੈਨ ਡਾਕਟਰ ਭੀਮ ਰਾਓ ਅੰਬੇਡਕਰ ਦੀ ਗੱਲ ਵਾਜਬ ਹੈ ਕਿ ਬੇਸ਼ੱਕ ਸੰਵਿਧਾਨ ਵਿੱਚ ਦਰਜ ਅਨੇਕ ਧਾਰਾਵਾਂ ਅਨੁਸਾਰ ਕੇਂਦਰ ਨੂੰ ਰਾਜ ਸਰਕਾਰ ਦੇ ਫੈਸਲੇ ਰੱਦ ਕਰਨ ਜਾਂ ਬਦਲਣ ਦਾ ਅਧਿਕਾਰ ਦਿੱਤਾ ਗਿਆ ਹੈ, ਪਰ ਅਸਲ ਵਿੱਚ ਇਹ ਇੱਕ ਫੈਡਰਲ ਸੰਵਿਧਾਨ ਹੀ ਹੈ।

ਕੇਂਦਰ ਸਰਕਾਰ ਨੂੰ ਰਾਜ ਸਰਕਾਰਾਂ ਦੀਆਂ ਸ਼ਕਤੀਆਂ ਵਿੱਚ ਦਖਲ ਦੇਣ ਵਾਲੀਆ ਮੱਦਾਂ ਸੰਵਿਧਾਨ ਵਿੱਚ ਸ਼ਾਮਲ ਹੋਣ ਕਾਰਨ ਅਨੇਕ ਵਿਦਵਾਨ ਭਾਰਤੀ ਸੰਵਿਧਾਨ ਨੂੰ ਫੈਡਰਲ ਸੰਵਿਧਾਨ ਮੰਨਣ ਲਈ ਤਿਆਰ ਨਹੀਂ।

ਜਿਵੇਂ ਕਿ ਗਵਰਨਰ ਦੀ ਨਿਯੁਕਤੀ ਅਤੇ ਸ਼ਕਤੀਆਂ। ਸੰਵਿਧਾਨ ਦੇ ਆਰਟੀਕਲ 155-156 ਅਨੁਸਾਰ ਗਵਰਨਰ ਨੂੰ ਰਾਸ਼ਟਰਪਤੀ ਨਿਯੁਕਤ ਕਰਦਾ ਹੈ। ਗਵਰਨਰ ਉਸ ਪ੍ਰਤੀ ਹੀ ਜਵਾਬਦੇਹ ਹੁੰਦਾ ਹੈ, ਕਿਉਕਿ ਰਾਸ਼ਟਰਪਤੀ ਨੇ ਕੇਂਦਰੀ ਮਨਿਸਟਰਾਂ ਦੀ ਕੌਂਸਲ ਵੱਲੋਂ ਭੇਜੀ ਸਲਾਹ ਅਨੁਸਾਰ ਹੀ ਫੈਸਲੇ ਲੈਣੇ ਹੁੰਦੇ ਹਨ, ਇਸ ਲਈ ਗਵਰਨਰ ਅਸਲ ਵਿੱਚ ਕੇਂਦਰ ਸਰਕਾਰ ਦੀ ਮਰਜ਼ੀ ਅਨੁਸਾਰ ਹੀ ਫੈਸਲੇ ਲੈਂਦਾ ਹੈ। ਗਵਰਨਰ ਨੂੰ ਪ੍ਰਾਪਤ ਵਿਆਪਕ ਸ਼ਕਤੀਆਂ 'ਤੇ ਅਧਾਰਤ ਫੈਸਲਿਆਂ ਵਿੱਚ ਕੇਂਦਰ ਦੀ ਮਰਜ਼ੀ ਹੀ ਭਾਰੂ ਰਹਿੰਦੀ ਹੈ। ਸੰਵਿਧਾਨ ਵਿੱਚ ਗਵਰਨਰ ਕੋਲ ਸ਼ਕਤੀ ਹੈ ਕਿ ਰਾਜ ਸਰਕਾਰ ਦੇ ਫੈਸਲਿਆਂ ਨੂੰ ਮਨਜ਼ੂਰੀ ਲਈ ਰਾਸ਼ਟਰਪਤੀ ਨੂੰ ਭੇਜ ਦੇਵੇ ਅਤੇ ਰਾਸ਼ਟਰਪਤੀ ਰਾਜ ਸਰਕਾਰ ਦੇ ਫੈਸਲਿਆਂ ਵਿਰੁੱਧ ਧਾਰਾ 200 ਅਤੇ 288 (2) ਅਨੁਸਾਰ ਵੀਟੋ ਸ਼ਕਤੀ ਦਾ ਇਸਤੇਮਾਲ ਕਰ ਸਕਦੇ ਹਨ। ਇਸ ਦੀ ਸ਼ੁਰੂਆਤ ਕੇਰਲਾ ਦੇ 'ਐਜੂਕੇਸਨ ਬਿੱਲ 1958' ਵੇਲੇ ਕਰ ਦਿੱਤੀ ਗਈ ਸੀ। ਉਸ ਉਪਰੰਤ ਅਨੇਕਾਂ ਹੀ ਰਾਜ ਸਰਕਾਰਾਂ ਦੇ ਫੈਸਲਿਆਂ ਵਿਰੁੱਧ ਅਜਿਹੀ ਸ਼ਕਤੀ ਦਾ ਇਸਤੇਮਾਲ ਕੀਤਾ ਗਿਆ ਹੈ।

ਸੰਸਦ ਨੂੰ ਆਰਟੀਕਲ 249 ਵਿੱਚ ਸ਼ਕਤੀਆਂ ਦਿੱਤੀਆਂ ਗਈਆਂ ਹਨ ਕਿ ਜੇਕਰ ਰਾਜ ਸਭਾ ਵਿੱਚ 2/3 ਬਹੁਮਤ ਹੋਵੇ ਤਾਂ ਉਹ ਰਾਜ ਸਰਕਾਰਾਂ ਲਈ ਬਣਾਈ ਗਈ ਲਿਸਟ ਵਿਚਲੀ ਕਿਸੇ ਵੀ ਮੱਦ 'ਤੇ ਕਾਨੂੰਨ ਬਣਾ ਸਕਦੀ ਹੈ। ਜੇ ਕੋਈ ਮਸਲਾ ਕੌਮੀ ਮਹੱਤਵ ਵਾਲਾ ਹੋਵੇ ਜਾਂ ਐਲਾਨਿਆ ਜਾਵੇ ਤਾਂ ਕੇਂਦਰ ਨੂੰ 2/3 ਬਹੁਮਤ ਵਾਲਾ ਢੰਗ ਵੀ ਨਹੀਂ ਅਪਣਾਉਣਾ ਪੈਂਦਾ। ਅਜਿਹੇ ਫੈਸਲੇ ਲੈਣ ਦੀ ਸਹਿਮਤੀ ਵੀ ਰਾਜ ਸਰਕਾਰਾਂ ਦੀ ਕੌਂਸਲ ਵੱਲੋਂ ਹੀ 2/3 ਬਹੁਮਤ ਨਾਲ ਕੇਂਦਰ ਨੂੰ ਦਿੱਤੀ ਗਈ ਹੈ। ਇਸ ਲਈ ਅਸੀਂ ਧਾਰਾ 249 ਦਾ ਵਿਰੋਧ ਵੀ ਨਹੀਂ ਕਰ ਸਕਦੇ।

ਸੰਸਦ ਕੋਲ ਆਰਟੀਕਲ-3 ਅਨੁਸਾਰ ਨਵੇਂ ਰਾਜ ਬਣਾਉਣ, ਪੁਰਾਣੇ ਰਾਜਾਂ ਦੀਆਂ ਹੱਦਾਂ ਘਟਾਉਣ-ਵਧਾਉਣ ਜਾਂ ਨਾਂਅ ਬਦਲਣ ਦਾ ਅਧਿਕਾਰ ਹੈ। ਇਤਿਹਾਸਿਕ ਤੌਰ 'ਤੇ ਸੰਸਦ ਨੂੰ ਅਜਿਹੀਆਂ ਸ਼ਕਤੀਆਂ ਦੇਣਾ ਜ਼ਰੂਰੀ ਵੀ ਸੀ, ਕਿਉਂਕਿ ਇਸ ਤੋਂ ਪਹਿਲਾਂ ਕੇਂਦਰ ਅਤੇ ਰਾਜ ਸਰਕਾਰਾਂ ਵਿਚਕਾਰ ਸ਼ਕਤੀਆਂ ਦੀ ਵੰਡ ਦੀ ਕੋਈ ਪਰੰਪਰਾ ਮੌਜੂਦ ਨਹੀਂ ਸੀ। ਦੂਜੇ ਆਜ਼ਾਦੀ ਤੋਂ ਬਾਅਦ ਰਾਜਾਂ ਦਾ ਪੁਨਰਗਠਨ ਕਰਨ ਲਈ ਵੀ ਇਹ ਜ਼ਰੂਰੀ ਸੀ।

ਐਮਰਜੈਂਸੀ ਦੀਆਂ ਧਾਰਾਵਾਂ ਵੀ ਫੈਡਰਲਿਜ਼ਮ ਦੇ ਨਾਲ ਮੇਲ ਨਹੀਂ ਖਾਂਦੀਆਂ। ਸੰਵਿਧਾਨ ਵਿੱਚ ਤਿੰਨ ਤਰ੍ਹਾਂ ਦੀ ਐਮਰਜੈਂਸੀ ਦਾ ਜ਼ਿਕਰ ਹੈ। ਨੰਬਰ ਇਕ ਬਾਹਰੀ ਹਮਲੇ ਸਮੇਂ ਜਾਂ ਫੌਜ ਅੰਦਰ ਬਗਾਵਤ ਸਮੇਂ ਆਰਟੀਕਲ 352 ਅਧੀਨ ਐਮਰਜੈਂਸੀ ਲਗਾਈ ਜਾ ਸਕਦੀ ਹੈ। ਦੂਜੇ ਕਿਸੇ ਰਾਜ ਵਿੱਚ ਸੰਵਿਧਾਨਿਕ ਮਸ਼ੀਨਰੀ ਫੇਲ੍ਹ ਹੋ ਜਾਵੇ ਤੇ ਆਰਟੀਕਲ 356 ਅਧੀਨ ਗਵਰਨਰ ਆਪਣੀਆਂ ਸ਼ਕਤੀਆਂ ਦਾ ਇਸਤੇਮਾਲ ਕਰ ਸਕਦਾ ਹੈ। ਤੀਸਰੇ ਦੇਸ਼ ਵਿੱਚ ਧਾਰਾ 360 ਅਨੁਸਾਰ ਵਿੱਤੀ ਐਮਰਜੈਂਸੀ ਵੀ ਲਗਾਈ ਜਾ ਸਕਦੀ ਹੈ।

ਐਮਰਜੈਂਸੀ ਲਗਾਉਣ ਦੀ ਇਜਾਜ਼ਤ ਸੰਵਿਧਾਨ ਦੀਆਂ ਮੱਦਾਂ ਵਿੱਚ ਦਿੱਤੀ ਗਈ ਹੈ। ਜਦੋਂ ਮੱਦ 352 ਥੱਲੇ ਐਮਰਜੈਂਸੀ ਲਗਾਈ ਜਾਂਦੀ ਹੈ ਤਾਂ ਕੇਂਦਰ ਅਤੇ ਰਾਜ ਸਰਕਾਰਾਂ ਵਿਚਕਾਰ ਸ਼ਕਤੀਆਂ ਦੀ ਵੰਡ ਦਾ ਸਰੂਪ ਲਗਭਗ ਬਦਲ ਹੀ ਜਾਂਦਾ ਹੈ। ਸੰਸਦ ਰਾਜਾਂ ਦੀ ਸੂਚੀ ਦੀ ਕਿਸੇ ਵੀ ਮੱਦ 'ਤੇ ਕਾਨੂੰਨ ਬਣਾ ਸਕਦੀ ਹੈ।

ਰਾਸ਼ਟਰਪਤੀ ਧਾਰਾ 278-279 ਵਿੱਚ ਦਰਜ ਆਮਦਨ ਦੀ ਵੰਡ ਲਈ ਬਣਾਈ ਗਏ ਕਿਸੇ ਵੀ ਕਾਨੂੰਨ ਜਾਂ ਮੱਦ ਨੂੰ ਆਪਣੀ ਮਰਜ਼ੀ ਨਾਲ ਤਬਦੀਲ ਕਰ ਸਕਦਾ ਹੈ। ਆਰਟੀਕਲ 356 ਅਧੀਨ ਕਿਸੇ ਵੀ ਰਾਜ ਸਰਕਾਰ ਨੂੰ ਕਾਨੂੰਨੀ ਵਿਵਸਥਾ ਫੇਲ੍ਹ ਹੋ ਜਾਣ ਦੀ ਸਥਿਤੀ ਐਲਾਨ ਕੇ ਭੰਗ ਕੀਤਾ ਜਾ ਸਕਦਾ ਹੈ ਅਤੇ ਰਾਜ ਦੀ ਵਿਧਾਨ ਸਭਾ ਨੂੰ ਵੀ ਭੰਗ ਕੀਤਾ ਜਾ ਸਕਦਾ ਹੈ। ਅਜਿਹੇ ਸਮਿਆਂ ਵਿੱਚ ਸਾਡਾ ਸੰਘੀ ਢਾਂਚਾ ਪੂਰੀ ਤਰ੍ਹਾਂ ਅਲੋਪ ਹੋ ਜਾਂਦਾ ਹੈ। ਗਵਰਨਰ ਵੱਲੋਂ ਵਿਵਾਦਪੂਰਨ ਢੰਗ ਨਾਲ ਧਾਰਾ 356 ਅਧੀਨ ਅਨੇਕਾਂ ਵਾਰ ਰਾਜ ਸਰਕਾਰਾਂ ਭੰਗ ਕੀਤੀਆਂ ਗਈਆਂ ਹਨ। ਅਜਿਹੇ ਸਮੇਂ ਸਰਕਾਰ ਵਿੱਚ ਕੇਂਦਰੀਵਾਦ ਹੀ ਦਿਖਾਈ ਦਿੰਦਾ ਹੈ, ਫੈਡਰਲਿਜ਼ਮ ਨਹੀਂ।

ਬੇਸ਼ੱਕ ਸਿਧਾਂਤਕ ਤੌਰ 'ਤੇ ਸੰਵਿਧਾਨ ਵਿੱਚ ਫੈਡਰਲਿਜ਼ਮ ਦੀ ਕੋਈ ਸਿੱਧੀ ਨਿਸ਼ਾਨਦੇਹੀ ਨਹੀਂ, ਪਰ ਬੁਨਿਆਦੀ ਤੱਤਾਂ ਦੇ ਆਧਾਰ 'ਤੇ ਅਸੀਂ ਭਾਰਤ ਨੂੰ ਇੱਕ ਫੈਡਰਲ ਢਾਂਚੇ ਵਾਲਾ ਦੇਸ਼ ਆਖ ਸਕਦੇ ਹਾਂ।

ਫੈਡਰਲ ਢਾਂਚੇ ਵਿੱਚ ਕੇਂਦਰ ਅਤੇ ਰਾਜ ਸਰਕਾਰਾਂ ਦਰਮਿਆਨ ਸ਼ਕਤੀਆਂ ਦੀ ਵੰਡ ਕੀਤੀ ਗਈ ਹੁੰਦੀ ਹੈ। ਜਿਨ੍ਹਾਂ ਦੀ ਵਿਆਖਿਆ ਸੰਵਿਧਾਨ ਵਿੱਚ ਦਰਜ ਕੀਤੀ ਗਈ ਹੁੰਦੀ ਹੈ। ਭਾਰਤੀ ਸੰਵਿਧਾਨ ਵਿੱਚ ਇਹ ਸ਼ਕਤੀਆਂ ਦੀ ਵੰਡ ਸਾਡੇ ਸਾਹਮਣੇ ਹੈ। ਕਾਨੂੰਨ ਬਣਾਉਣ ਦੀਆਂ ਸ਼ਕਤੀਆਂ, ਕਾਨੂੰਨ ਨੂੰ ਲਾਗੂ ਕਰਨ ਦੀਆਂ ਸ਼ਕਤੀਆਂ ਅਤੇ ਮਾਇਕ ਸੋਮੇ ਜੁਟਾਉਣ ਦੀਆਂ ਸ਼ਕਤੀਆਂ ਬਾਰੇ ਸੰਵਿਧਾਨ ਵਿੱਚ ਸਪੱਸ਼ਟ ਤੌਰ 'ਤੇ ਕੇਂਦਰ ਅਤੇ ਸੂਬਾਈ ਸਰਕਾਰਾਂ ਦਰਮਿਆਨ ਵੰਡ ਕੀਤੀ ਗਈ ਹੋਈ ਹੈ।

ਦੂਜੀ ਗੱਲ ਦੇਸ਼ ਵੱਲੋਂ ਸੰਵਿਧਾਨ ਦੀ ਸਰਵਉੱਚਤਾ ਨੂੰ ਪ੍ਰਵਾਨ ਕਰਨਾ ਹੁੰਦਾ ਹੈ। ਭਾਵ ਕਿ ਕਾਨੂੰਨ ਬਣਾਉਣੇ ਹੋਣ ਜਾਂ ਲਾਗੂ ਕਰਨੇ, ਉਸ ਵਿੱਚ ਸੰਵਿਧਾਨ ਅਨੁਸਾਰ ਚੱਲਣਾ ਹੁੰਦਾ ਹੈ। ਨਾ ਹੀ ਕੇਂਦਰ ਅਤੇ ਨਾ ਸੂਬਾਈ ਸਰਕਾਰਾਂ ਆਪਣੀ ਮਨਮਰਜ਼ੀਆਂ ਕਰ ਸਕਦੀਆਂ ਹਨ। ਜੇਕਰ ਕਿਸੇ ਵੀ ਸਰਕਾਰ ਵੱਲੋਂ ਕੋਈ ਅਜਿਹੀ ਮਨਮਰਜ਼ੀ ਸਾਹਮਣੇ ਆਉਂਦੀ ਹੈ ਤਾਂ ਉਸ ਨੂੰ ਸੰਵਿਧਾਨ ਵਿੱਚ ਦਰਜ ਨਿਯਮਾਂ ਅਨੁਸਾਰ ਨਿਆਂਪਾਲਿਕਾ ਵਿੱਚ ਚੁਣੌਤੀ ਦਿੱਤੀ ਜਾ ਸਕਦੀ ਹੈ।

ਭਾਰਤੀ ਸੰਵਿਧਾਨ ਵਿੱਚ ਇਹ ਤੱਤ ਮੌਜੂਦ ਹਨ। ਇਹ ਵੀ ਆਖਿਆ ਗਿਆ ਹੈ ਕਿ ਸੰਵਿਧਾਨ ਨੂੰ ਆਸਾਨੀ ਨਾਲ ਤਬਦੀਲ ਨਾ ਕੀਤਾ ਜਾ ਸਕੇ, ਤਾਂ ਹੀ ਇਸ ਨੂੰ ਫੈਡਰਲ ਮੰਨਿਆ ਜਾ ਸਕਦਾ ਹੈ। ਇਸ ਦਾ ਮਤਲਬ ਕਿ ਕੋਈ ਕੇਂਦਰ ਦੀ ਸੱਤਾ ਵਿੱਚ ਬੈਠ ਕੇ ਸੰਵਿਧਾਨ ਨੂੰ ਰਾਤੋ-ਰਾਤ ਰੱਦ ਕਰ ਕੇ ਆਪਣਾ ਨਵਾਂ ਸੰਵਿਧਾਨ ਲਾਗੂ ਨਹੀ ਕਰ ਸਕਦਾ, ਇਹ ਆਸਾਨ ਨਹੀ। ਭਾਰਤ ਵਿੱਚ ਇਸ ਦੀ ਸੰਭਾਵਨਾ ਬਹੁਤ ਘੱਟ ਹੈ।

ਸੰਵਿਧਾਨ ਦੀ ਰਾਖੀ ਲਈ ਵੀ ਇਸ ਅਨੁਸਾਰ ਸਾਡੇ ਦੇਸ਼ ਦੇ ਨਿਆਂ ਪ੍ਰਬੰਧ ਨੂੰ ਕਾਫੀ ਸ਼ਕਤੀਸਾਲੀ ਬਣਾਇਆ ਗਿਆ ਹੈ।

ਜੇਕਰ ਅਜਿਹਾ ਵਾਪਰ ਜਾਵੇ ਕਿ ਕੇਂਦਰ ਅਤੇ ਰਾਜ ਸਰਕਾਰਾਂ ਦੇ ਫੈਸਲੇ ਜਾਂ ਪਾਸ ਕੀਤੇ ਗਏ ਕਾਨੂੰਨ ਇਕ-ਦੂਜੇ ਨਾਲ ਮੇਲ ਨਾ ਖਾਣ ਜਾਂ ਟਕਰਾ ਜਾਣ, ਤਾਂ ਅਜਿਹੀ ਸਥਿਤੀ ਪੈਦਾ ਹੋਣ 'ਤੇ ਭਾਰਤੀ ਨਿਆਂ ਪ੍ਰਣਾਲੀ ਨੂੰ ਬਿਨਾਂ ਕਿਸੇ ਦਬਾਅ, ਪੱਖਪਾਤ ਅਤੇ ਅਜ਼ਾਦਾਨਾ ਤੌਰ 'ਤੇ ਆਪਣਾ ਕੰਮ ਕਰਨ ਦੇ ਯੋਗ ਬਣਾਉਣ ਲਈ ਮੱਦਾਂ ਵੀ ਸੰਵਿਧਾਨ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ।

ਇਹ ਸਾਰੇ ਤੱਤ ਭਾਰਤੀ ਸੰਵਿਧਾਨ ਵਿੱਚ ਦਰਜ ਹੋਣ ਕਰਕੇ ਅਸੀਂ ਭਾਰਤੀ ਸੰਵਿਧਾਨ ਨੂੰ ਕੇਂਦਰੀ ਕ੍ਰਿਤ ਸ਼ਕਤੀਆਂ ਵਾਲਾ ਸੰਵਿਧਾਨ ਨਹੀਂ, ਸਗੋਂ ਫੈਡਰਲ ਸੰਵਿਧਾਨ ਮੰਨਣ ਲਈ ਸਹਿਮਤ ਹੋ ਸਕਦੇ ਹਾਂ ਜਾਂ ਪ੍ਰੋਫੈਸਰ ਜੈਨਿੰਗ ਦੀ ਗੱਲ ਮੰਨ ਲੈਂਦੇ ਹਾਂ ਕਿ ਭਾਰਤੀ ਸੰਵਿਧਾਨ ਕੇਂਦਰੀਵਾਦ ਦੇ ਬਕਸੇ ਵਿੱਚ ਬੰਦ ਫੈਡਰਲ ਮੱਦਾਂ ਵਾਲਾ ਸੰਵਿਧਾਨ ਹੈ।

# ਸੰਪਰਕ : 98142-73870

